ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 29 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੫ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਪੰਜਾਬ 'ਚ ਗੰਭੀਰ ਬੀਮਾਰੀਆਂ ਨਾਲ ਨਜਿੱਠਣ ਲਈ ਸਿਹਤ ਮੰਤਰੀ ਨੇ ਜਾਰੀ ਕੀਤੇ ਨਵੇਂ ਹੁਕਮ

**ਪਟਿਆਲਾ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਸਥਿਤ ਮੈਡੀਕਲ ਕਾਲਜ ਦਾ ਦੌਰਾ ਕਰਕੇ ਮੈਡੀਕਲ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਗੰਭੀਰ ਅਤੇ ਬੀਮਾਰ ਮਰੀਜਾਂ ਲਈ ਘਰ ਆਧਾਰਿਤ ਪੈਲਿਏਟਿਵ ਕੇਅਰ ਸੇਵਾਵਾਂ ਦੇ ਸੁਚੱਜੇ ਢੰਗ ਨਾਲ ਲਾਗੂ ਕਰਨ ਲਈ ਅਹਿਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ। 'ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਮਰੀਜ਼ਾਂ ਨੂੰ ਗੁਣਵੱਤਾਪੂਰਨ ਅਤੇ ਸੰਵੇਦਨਸ਼ੀਲ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ, ਖ਼ਾਸ ਕਰਕੇ ਗੰਭੀਰ ਅਤੇ ਲੰਬੇ ਸਮੇਂ ਤੋਂ ਪੀੜਤ ਮਰੀਜ਼ਾਂ ਲਈ ਪੈਲਿਏਟਿਵ ਕੇਅਰ ਬਹੁਤ ਜ਼ਰੂਰੀ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਪੈਲਿਏਟਿਵ ਕੇਅਰ ਸੇਵਾਵਾਂ ਉਹ ਸਿਹਤ ਸੇਵਾਵਾਂ ਹਨ, ਜੋ ਗੰਭੀਰ, ਲੰਬੇ ਸਮੇਂ ਦੀਆਂ ਜਾਂ ਅਸਾਧ ਰੋਗਾਂ ਨਾਲ ਪੀੜਤ ਮਰੀਜ਼ਾਂ ਨੂੰ ਦਰਦ, ਤਕਲੀਫ਼ ਅਤੇ ਮਾਨਸਿਕ ਪੀੜਾ ਤੋਂ ਰਾਹਤ ਦੇਣ ਲਈ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਸੇਵਾਵਾਂ ਦਾ ਮੁੱਖ ਉਦੇਸ਼ ਬੀਮਾਰੀ ਦਾ ਇਲਾਜ ਹੀ ਨਹੀਂ, ਸਗੋਂ ਮਰੀਜ਼ ਅਤੇ ਉਸ ਦੇ ਪਰਿਵਾਰ ਦੀ ਜੀਵਨ ਗੁਣਵੱਤਾ ਨੂੰ ਬਿਹਤਰ ਬਣਾਉਣਾ ਹੁੰਦਾ ਹੈ। ਪੈਲਿਏਟਿਵ ਕੇਅਰ ਵਿੱਚ ਸਰੀਰਕ, ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਸਹਾਇਤਾ ਸ਼ਾਮਲ ਹੁੰਦੀ ਹੈ ਅਤੇ ਇਹ ਸੇਵਾਵਾਂ ਹਸਪਤਾਲ, ਓਪੀਡੀ ਜਾਂ ਮਰੀਜ਼ ਦੇ ਘਰ ਤੱਕ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

## ਅਕਾਲ ਤਖ਼ਤ ਦਾ ਵੱਡਾ ਫੈਸਲਾ

# ਹੁਣ ਸਿਰਫ਼ ਗੁਰਦੁਆਰਿਆਂ 'ਚ ਹੀ ਹੋਣਗੇ ਆਨੰਦ ਕਾਰਜ

**ਅੰਮ੍ਰਿਤਸਰ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਵਿੱਚ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਹੋਈ, ਜਿਸ ਦੀ ਅਗਵਾਈ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ




ਕਰਦਿਆਂ ਜਥੇਦਾਰ ਨੇ ਸਿੱਖ ਪਰੰਪਰਾਵਾਂ ਨਾਲ ਸਬੰਧਤ ਕਈ ਮਹੱਤਵਪੂਰਨ ਫੈਸਲਿਆਂ ਬਾਰੇ ਮੀਡੀਆ ਨੂੰ ਜਾਣਕਾਰੀ ਦਿੱਤੀ। ਜਥੇਦਾਰ ਨੇ ਦੱਸਿਆ ਕਿ ਹਾਲ ਹੀ ਦੇ ਸਮਿਆਂ ਵਿੱਚ ਪਾਰਕਾਂ, ਹੋਟਲਾਂ ਅਤੇ ਹੋਰ ਖੁੱਲ੍ਹੀਆਂ ਜਾਂ ਵਪਾਰਕ ਥਾਵਾਂ 'ਤੇ ਕੀਤੇ ਜਾ ਰਹੇ ਅਨੰਦ ਕਾਰਜ ਸਮਾਗਮਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ। ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਅਨੰਦ ਕਾਰਜ ਸਮਾਗਮ ਸਿਰਫ਼ ਗੁਰਦੁਆਰਿਆਂ ਵਿੱਚ ਹੀ ਹੋਣਗੇ ਅਤੇ ਕਿਤੇ ਹੋਰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਕਿਸੇ ਵੀ ਵਿਆਹ ਸਥਾਨ 'ਤੇ ਲਿਜਾਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਅਤੇ ਅਨੰਦ ਕਾਰਜ ਸਮਾਗਮ ਕਿਤੇ ਹੋਰ ਕਰਨ ਵਾਲੇ ਰਾਗੀ ਜਥਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਨੇ ਅਜਿਹੀਆਂ ਘਟਨਾਵਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ, ਖਾਸ ਕਰਕੇ ਚੰਡੀਗੜ੍ਹ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ। ਮੀਟਿੰਗ ਵਿੱਚ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਧਾਰਤ ਵੀਡੀਓ ਅਤੇ ਨਕਲੀ ਫਿਲਮਾਂ ਬਣਾਉਣ ਦੇ ਮੁੱਦੇ 'ਤੇ ਵੀ ਵਿਸਥਾਰ ਵਿੱਚ ਚਰਚਾ ਕੀਤੀ ਗਈ। ਜਥੇਦਾਰ ਨੇ ਕਿਹਾ ਕਿ ਭਾਵੇਂ ਤਕਨਾਲੋਜੀ ਆਧੁਨਿਕ ਹੋ ਸਕਦੀ ਹੈ, ਪਰ ਮੀਟਿੰਗ ਨੇ ਫੈਸਲਾ ਕੀਤਾ ਕਿ ਧਾਰਮਿਕ ਵਿਸ਼ਿਆਂ 'ਤੇ ਅਜਿਹੀਆਂ ਏਆਈ ਜਾਂ ਨਕਲੀ ਫਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ, ਕਿਉਂਕਿ ਇਹ ਸਿੱਖ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ 'ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ। ਜਥੇਦਾਰ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕਦਰਾਂ-ਕੀਮਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਮਾਮਲਿਆਂ 'ਤੇ ਦ੍ਰਿੜ ਸਟੈਂਡ ਲੈਂਦਾ ਰਹੇਗਾ। ਸੰਗਤ ਤੋਂ ਪ੍ਰਾਪਤ ਸ਼ਿਕਾਇਤਾਂ ਦੇ ਆਧਾਰ 'ਤੇ, ਇਹ ਮੁੜ ਹੁਕਮ ਦਿੱਤਾ: ਮੈਰਿਜ ਪੈਲੇਸਾਂ, ਰਿਜ਼ੋਰਟਾਂ, ਬੀਚਾਂ, ਵਪਾਰਕ ਫਾਰਮ ਹਾਊਸਾਂ ਆਦਿ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਆਨੰਦ ਕਾਰਜ ਕਰਨ ਦੀ ਪੂਰੀ ਤਰ੍ਹਾਂ ਮਨਾਹੀ ਹੈ।

## ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣਾ ਬੰਦ ਕਰਨ ਸਰਕਾਰਾਂ, ਸਰਕਾਰੀ 'ਸਿਟ' ਨੂੰ ਅਸੀਂ ਨਹੀਂ ਮੰਨਦੇ: ਜਥੇ. ਗੜਗੱਜ

**ਅੰਮ੍ਰਿਤਸਰ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਹੋਈ। ਇਸ ਇਕੱਤਰਤਾ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਸ਼ਾਮਲ ਸਨ। ਇਸ ਇਕੱਤਰਤਾ ਵਿਚ ਸਭ ਤੋਂ ਪਹਿਲਾਂ ਸਿੱਖ ਸੰਗਤਾਂ ਵੱਲੋਂ ਆ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਮੈਰਿਜ ਪੈਲੇਸਾਂ, ਰਿਜ਼ੋਰਟਾਂ, ਸਮੁੰਦਰਾਂ ਦੇ ਕੰਢਿਆਂ, ਬੀਚਾਂ ਅਤੇ ਵਪਾਰਕ ਫਾਰਮ ਹਾਊਸਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਆਨੰਦ ਕਾਰਜ ਕਰਵਾਉਣ ਦੇ ਮਾਮਲੇ 'ਤੇ ਵਿਚਾਰ ਕੀਤਾ ਗਿਆ। ਪੰਜ ਸਿੰਘ ਸਾਹਿਬਾਨ ਨੇ ਪਹਿਲਾਂ ਜਾਰੀ ਹੁਕਮਨਾਮਿਆਂ (1998 ਅਤੇ 2023) ਦੀ ਰੌਸ਼ਨੀ ਵਿੱਚ ਫੈਸਲਾ ਕਰਦਿਆਂ ਸਪੱਸ਼ਟ ਹੁਕਮ ਦਿੱਤਾ ਕਿ ਅਜਿਹੀਆਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲੈ ਕੇ ਜਾਣ ਅਤੇ ਉੱਥੇ ਆਨੰਦ ਕਾਰਜ ਕਰਨ 'ਤੇ ਪੂਰਨ ਪਾਬੰਦੀ ਰਹੇਗੀ। ਇਸ ਦੌਰਾਨ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ, ਪ੍ਰਬੰਧਕ, ਸੇਵਾਦਾਰ ਅਤੇ ਸਮੂਹ ਰਾਗੀ ਜਥਿਆਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਹੁਕਮਾਂ ਦੀ ਪੂਰੀ ਪਾਲਣਾ ਕਰਨ। ਉਲੰਘਣਾ ਕਰਨ ਵਾਲਿਆਂ, ਚਾਹੇ ਉਹ ਪਾਵਨ ਸਰੂਪ ਦੇਣ ਵਾਲੇ ਹੋਣ, ਰਾਗੀ ਜਥੇ ਹੋਣ ਜਾਂ ਮੈਰਿਜ ਪੈਲੇਸਾਂ ਅਤੇ ਵਪਾਰਕ ਸਥਾਨਾਂ ਦੇ ਮਾਲਕ, ਸਭ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।



## ਯਾਤਰੀਆਂ ਨਾਲ ਭਰੀ ਇੰਡੀਗੋ ਫਲਾਈਟ 'ਤੇ ਮਾਰੀ ਲੇਜ਼ਰ ਲਾਈਟ, ਸ਼ਮਸ਼ਾਬਾਦ ਹਵਾਈ ਅੱਡੇ 'ਤੇ ਬੰਬ ਦੀ ਧਮਕੀ




**ਹੈਦਰਾਬਾਦ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਹੈਦਰਾਬਾਦ ਦੇ ਸ਼ਮਸ਼ਾਬਾਦ ਹਵਾਈ ਅੱਡੇ 'ਤੇ ਐਤਵਾਰ ਸਵੇਰੇ ਉਸ ਵੇਲੇ ਭਾਜੜਾਂ ਪੈ ਗਈਆਂ, ਜਦੋਂ ਬੰਬ ਦੀ ਧਮਕੀ ਦੀ ਸੂਚਨਾ ਮਿਲੀ। ਧਮਕੀ ਤੋਂ ਬਾਅਦ ਪੂਰੇ ਹਵਾਈ ਅੱਡੇ 'ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ। ਅਧਿਕਾਰੀਆਂ ਅਨੁਸਾਰ ਕੋਲਕਾਤਾ ਤੋਂ ਸ਼ਮਸ਼ਾਬਾਦ ਆ ਰਹੀ ਇੰਡੀਗੋ ਦੀ ਫਲਾਈਟ 'ਤੇ ਲੇਜ਼ਰ ਲਾਈਟ ਪੈਣ ਕਾਰਨ ਅਧਿਕਾਰੀ ਤੁਰੰਤ ਹਰਕਤ ਵਿੱਚ ਆ ਗਏ। ਦੱਸਿਆ ਗਿਆ ਹੈ ਕਿ ਜਦੋਂ ਜਹਾਜ਼ ਹਵਾਈ ਅੱਡੇ ਦੇ ਨੇੜੇ ਸੀ, ਤਾਂ ਉਸ 'ਤੇ ਲੇਜ਼ਰ ਲਾਈਟਾਂ ਮਾਰੀਆਂ ਗਈਆਂ, ਜਿਸ ਤੋਂ ਬਾਅਦ ਅਲਰਟ ਜਾਰੀ ਕਰ ਦਿੱਤਾ ਗਿਆ। ਸਿਰਫ਼ ਇੰਨਾ ਹੀ ਨਹੀਂ, ਇੱਕ ਅਣਪਛਾਤੇ ਵਿਅਕਤੀ ਵੱਲੋਂ ਭੇਜੀ ਗਈ ਈਮੇਲ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਕੋਚੀ ਅਤੇ ਜ਼ਿੱਦਾ ਤੋਂ ਆ ਰਹੀਆਂ ਇੰਡੀਗੋ ਦੀਆਂ ਫਲਾਈਟਾਂ ਵਿੱਚ RDX ਬੰਬ ਰੱਖੇ ਹੋਏ ਹਨ। ਸੂਚਨਾ ਮਿਲਦੇ ਹੀ ਹਵਾਈ ਅੱਡੇ ਦੇ ਸੁਰੱਖਿਆ ਅਮਲੇ ਨੇ ਪੂਰੇ ਹਵਾਈ ਅੱਡੇ ਦੀ ਮੁਕੰਮਲ ਜਾਂਚ ਅਤੇ ਤਲਾਸ਼ੀ ਸ਼ੁਰੂ ਕਰ ਦਿੱਤੀ।

**ਸਾਲ 2025 ਵਿੱਚ 30 ਤੋਂ ਵੱਧ ਵਾਰ ਮਿਲੀਆਂ ਧਮਕੀਆਂ**

ਸੂਤਰਾਂ ਮੁਤਾਬਕ ਹੈਰਾਨੀਜਨਕ ਤੱਥ ਇਹ ਹੈ ਕਿ ਸਾਲ 2025 ਵਿੱਚ ਹੁਣ ਤੱਕ ਸ਼ਮਸ਼ਾਬਾਦ ਹਵਾਈ ਅੱਡੇ ਨੂੰ 30 ਤੋਂ ਵੱਧ ਵਾਰ ਬੰਬ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਵਾਰ-ਵਾਰ ਮਿਲ ਰਹੀਆਂ ਅਜਿਹੀਆਂ ਧਮਕੀਆਂ ਕਾਰਨ ਹਵਾਬਾਜ਼ੀ ਸਟਾਫ ਅਤੇ ਸੁਰੱਖਿਆ ਏਜੰਸੀਆਂ ਲਗਾਤਾਰ ਚੌਕਸ ਹਨ। ਪੁਲਸ ਨੇ ਇਨ੍ਹਾਂ ਧਮਕੀ ਭਰੀਆਂ ਮੇਲਾਂ ਅਤੇ ਕਾਲਾਂ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਪਾਕਿ 'ਚ ਗ੍ਰਿਫ਼ਤਾਰ ਸ਼ਾਹਕੋਟ ਦੇ ਨੌਜਵਾਨ ਨੇ ਭਾਰਤ ਆਉਣ ਤੋਂ ਕੀਤਾ ਇਨਕਾਰ, ਦੱਸਿਆ ਜਾਨ ਨੂੰ ਖ਼ਤਰਾ

**ਨਵੀਂ ਦਿੱਲੀ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਸ਼ਾਹਕੋਟ ਦੇ ਰਹਿਣ ਵਾਲੇ ਸ਼ਰਨਦੀਪ ਸਿੰਘ ਨੂੰ ਬੀਤੇ ਦਿਨੀਂ ਪਾਕਿਸਤਾਨ ਵਿਚ ਪਾਕਿ ਰੇਂਜਰਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਰਨਦੀਪ ਸਿੰਘ ਤਰਨਤਾਰਨ ਦੇ ਬਾਰਡਰ ਏਰੀਆ ਤੋਂ ਪਾਕਿਸਤਾਨ ਚਲਾ ਗਿਆ ਸੀ।



ਸ਼ਰਨਦੀਪ ਸਿੰਘ ਪੁੱਛਗਿੱਛ ਵਿਚ ਕੁਝ ਨਾ ਮਿਲਣ ਕਾਰਨ ਪਾਕਿਸਤਾਨ ਰੇਂਜਰ ਨੇ ਉਸ ਨੂੰ ਕਸੂਰ ਥਾਣੇ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਸੀ। ਜਿੱਥੇ ਸ਼ਰਨਦੀਪ ਵਿਰੁੱਧ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਹੁਣ ਉਥੇ ਹੀ ਯੂ-ਟਿਊਬਰ ਨਾਸਿਰ ਢਿੱਲੋਂ ਸ਼ਰਨਦੀਪ ਦੀ ਮਦਦ ਲਈ ਅੱਗੇ ਆਏ ਹਨ ਅਤੇ ਲਾਹੌਰ ਸਥਿਤ ਐਡਵੋਕੇਟ ਬਾਜਵਾ ਨਾਲ ਕੇਸ ਬਾਰੇ ਗੱਲ ਕੀਤੀ। ਇਸ ਤੋਂ ਬਾਅਦ ਐਡਵੋਕੇਟ ਬਾਜਵਾ ਨੇ ਸ਼ਰਨਦੀਪ ਦਾ ਕੇਸ ਲੜਨ ਦਾ ਫ਼ੈਸਲਾ ਕੀਤਾ। ਅੱਜ ਨਾਸਿਰ ਅਤੇ ਵਕੀਲ ਨੇ ਕਸੂਰ ਪੁਲਸ ਸਟੇਸ਼ਨ ਵਿੱਚ ਦਰਜ ਐੱਫ਼. ਆਈ. ਆਰ. ਜਨਤਕ ਕੀਤੀ। ਉਥੇ ਜੇਲ੍ਹ ਵਿਚ ਬੰਦ ਸ਼ਰਨਦੀਪ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਜ਼ਮਾਨਤ ਨੂੰ ਲੈ ਕੇ ਦਸਤਾਵੇਜ਼ ਤਿਆਰ ਕੀਤੇ, ਜਿਨ੍ਹਾਂ 'ਤੇ ਸ਼ਰਨਦੀਪ ਨੇ ਦਸਤਖ਼ਤ ਲਏ ਗਏ ਹਨ। ਇਸ ਦੌਰਾਨ ਨਾਸਿਰ ਨੇ ਸ਼ਰਨਦੀਪ ਦੀ ਵਾਪਸੀ ਬਾਰੇ ਇਕ ਹੈਰਾਨ ਕਰਨ ਵਾਲਾ ਖ਼ੁਲਾਸਾ ਕੀਤਾ ਹੈ। ਨਾਸਿਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਸ਼ਰਨਦੀਪ ਨਾਲ ਮੁਲਾਕਾਤ ਤਾਂ ਉਸ ਨੂੰ ਕਿਹਾ ਕਿ ਉਸ ਨੂੰ 15 ਦਿਨਾਂ ਦੇ ਅੰਦਰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਵੇਗਾ ਪਰ ਉਸ ਦੀ ਪੰਜਾਬ ਵਾਪਸੀ 'ਚ ਕੁਝ ਸਮਾਂ ਲੱਗ ਸਕਦਾ ਹੈ। ਨਾਸਿਰ ਨਾਲ ਮੁਲਾਕਾਤ ਦੌਰਾਨ ਸ਼ਰਨਦੀਪ ਨੇ ਕਿਹਾ ਕਿ ਉਹ ਭਾਰਤ ਵਿਚ ਵਾਪਸ ਨਹੀਂ ਆਉਣਾ ਚਾਹੁੰਦਾ। ਸ਼ਰਨਦੀਪ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਉਸ ਦੇ ਖ਼ਿਲਾਫ਼ ਪਹਿਲਾਂ ਹੀ ਮਾਮਲਾ ਦਰਜ ਹੈ ਅਤੇ ਉਸ ਦੀ ਕੁਝ ਲੋਕਾਂ ਨਾਲ ਰੰਜਿਸ਼ ਵੀ ਹੈ। ਜਲੰਧਰ 'ਚ ਹਮਲਾਵਰਾਂ ਵੱਲੋਂ ਉਸ ਦਾ ਗੁੱਟ ਵੀ ਤੋੜ ਦਿੱਤਾ ਗਿਆ ਸੀ। ਸ਼ਰਨਦੀਪ ਨੇ ਕਿਹਾ ਕਿ ਜੇਕਰ ਉਹ ਵਾਪਸ ਆਉਂਦਾ ਹੈ ਤਾਂ ਉਸ ਦੀ ਜਾਨ ਨੂੰ ਖ਼ਤਰਾ ਹੈ, ਇਸ ਲਈ ਉਸ ਨੇ ਨਾਸਿਰ ਨੂੰ ਪਾਕਿਸਤਾਨ ਵਿੱਚ ਰਹਿਣ ਦੀ ਅਪੀਲ ਕੀਤੀ।


ਆਵਾਜ਼ਿ ਕੌਮ
AWAZE QAUM
International Newspaper & WEB TV


## ਤੈਸ਼ 'ਚ ਆਏ ਪ੍ਰਵਾਸੀ ਨੇ ਮਾਲਕ ਦਾ ਕਰ 'ਤਾ ਕਤਲ



**ਫਗਵਾੜਾ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਫਗਵਾੜਾ ਦੇ ਨਜ਼ਦੀਕੀ ਪੈਂਦੇ ਪਿੰਡ ਮੰਡਾਲੀ 'ਚ ਇਕ ਬੇਹੱਦ ਹੀ ਹੈਰਾਨ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਪਿੰਡ ਵਿੱਚ ਖੇਤੀਬਾੜੀ ਦਾ ਕੰਮ ਕਰਨ ਲਈ ਰੱਖੇ ਇਕ ਪ੍ਰਵਾਸੀ ਮਜ਼ਦੂਰ ਵੱਲੋਂ ਗਾਲੀ-ਗਲੋਚ ਅਤੇ ਗੁੰਡਾਗਰਦੀ ਕਰਨ ਤੋਂ ਬਾਅਦ ਆਪਣੇ ਮਾਲਕ ਨਾਲ ਹੱਥੋਪਾਈ ਕੀਤੀ ਗਈ। ਇਸ ਘਟਨਾ ਦੌਰਾਨ ਮਾਲਕ ਜ਼ਖ਼ਮੀ ਹੋ ਗਿਆ ਅਤੇ ਉਸ ਦੀ ਬਾਅਦ ਦੇ ਵਿੱਚ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਕੁਝ ਦਿਨ ਪਹਿਲਾਂ ਮਾਲਕ ਵੱਲੋਂ ਕਿਸੇ ਗੱਲ ਨੂੰ ਲੈ ਕੇ ਪ੍ਰਵਾਸੀ ਨੂੰ ਚਪੇੜ ਮਾਰੀ ਗਈ ਸੀ। ਮ੍ਰਿਤਕ ਦੀ ਪਤਨੀ ਪਲਵਿੰਦਰ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਤੀ ਦਵਿੰਦਰ ਸਿੰਘ ਨਾਲ ਘਰ ਦੇ ਵਿੱਚ ਰਹਿ ਰਹੀ ਪ੍ਰਵਾਸੀ ਮਜ਼ਦੂਰ ਨੇ ਪਹਿਲਾਂ ਗਾਲੀ-ਗਲੋਚ ਕੀਤੀ ਅਤੇ ਜਦੋਂ ਦਵਿੰਦਰ ਨੇ ਉਸ ਨੂੰ ਰੋਕਿਆ ਤਾਂ ਮਜ਼ਦੂਰ ਨੇ ਗੁੱਸੇ ਦੇ ਵਿੱਚ ਆ ਕੇ ਹੱਥੋਪਾਈ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਿਸੇ ਚੀਜ਼ ਨਾਲ ਵਾਰ ਕਰ ਦਿੱਤਾ। ਇਸ ਦੌਰਾਨ ਜਵਿੰਦਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਤੋਂ ਬਾਅਦ ਦਵਿੰਦਰ ਸਿੰਘ ਨੂੰ ਤੁਰੰਤ ਸਿਵਲ ਹਸਪਤਾਲ ਲਿਆਂਦਾ ਗਿਆ ਅਤੇ ਸਿਵਲ ਹਸਪਤਾਲ ਵਿੱਚ ਐਮਰਜੈਂਸੀ ਡਿਊਟੀ 'ਤੇ ਤਾਇਨਾਤ ਡਾਕਟਰ ਨੇ ਦੱਸਿਆ ਕਿ ਦਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਅਤੇ ਵਾਸੀ ਪਿੰਡ ਮੰਡਾਲੀ ਨੂੰ ਹਸਪਤਾਲ ਲਿਆਂਦਾ ਗਿਆ ਸੀ ਪਰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਤੋਂ ਚੁੱਕੀ ਸੀ। ਡਾਕਟਰਾਂ ਮੁਤਾਬਕ ਮੌਤ ਦੇ ਅਸਲ ਕਾਰਨਾ ਦੀ ਪੁਸ਼ਟੀ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਹੋ ਸਕੇਗੀ। ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ ਅਤੇ ਪੁਲਸ ਵੱਲੋਂ ਸਾਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।




## ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।


**ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ**

## ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net

ਧਰਮੀ ਸਬਦ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ | Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ | WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ

Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲ਼ਸਾ ਮੈਮੋਰੀਅਲ ਹਸਪਤਾਲ



## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।

+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ

ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ


ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

**WE CATER FOR**
★★★★★




**SANJHA PUNJAB**

**VEG & NON-VEG INDIAN**

**TAKE AWAY MENU**

0116 291 1565
075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

**SANJHA PUNJAB**

**VEG & NON-VEG INDIAN**

0116 291 1565

visit us : www.sanjhapunjab.co.uk
email: sanjha47@hotmail.com

**ALLERGY ADVICE !!**

Please ask a member of staff if you have any food intolerance or allergies.

ਆਵਾਜ਼ ਕੌਮ AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

## DR. KAMALJIT SAROA

B.D.S., Dental Surgeon
Moti Nagar, Near Railway Crossing, Maqsudan
Jalandhar-144 008

**Contact :**

**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਪੁਰਬ 'ਤੇ

# ਲੱਖਾਂ ਸਿੱਖ ਸੰਗਤਾਂ ਸ਼ਰਧਾ ਤੇ ਉਤਸ਼ਾਹ ਨਾਲ ਪਹੁੰਚੀਆਂ

☛ ਦਸਮਪਿਤਾ ਨੇ ਮਾਨਵਤਾ ਦੀ ਦਸ਼ਾ ਤੇ ਦ੍ਰਿਸ਼ਟੀ ਬਦਲ ਦਿੱਤੀ : ਆਰਿਫ਼ ਮੁਹੰਮਦ ਖਾਂ, ਗਵਰਨਰ ਬਿਹਾਰ

☛ ਪ੍ਰਬੰਧਕਾਂ ਵੱਲੋਂ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਅਤੇ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਨੂੰ ਸਨਮਾਨਿਤ ਕੀਤਾ





ਪਟਨਾ ਸਾਹਿਬ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)-ਸਾਹਿਬ-ਏ-ਕਮਾਲ ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 359ਵਾਂ ਪ੍ਰਕਾਸ਼ ਪੁਰਬ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸਮੁੱਚੇ ਦੇਸ਼ ਅਤੇ ਵਿਦੇਸ਼ ਵਿੱਚੋਂ ਪੁੱਜੀ ਸ਼ਰਧਾਲੂ ਸਿੱਖ ਸੰਗਤ ਨੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਨ੍ਹਾਂ ਤਿੰਨ ਸਮਾਗਮਾਂ ਦੇ ਆਖ਼ਰੀ ਦਿਨ ਬਿਹਾਰ ਸੂਬੇ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਅਤੇ ਗਵਰਨਰ ਜਨਾਬ ਆਰਿਫ਼ ਮੁਹੰਮਦ ਖ਼ਾਨ ਨੇ ਦਸਮ ਪਾਤਸ਼ਾਹ ਨੂੰ ਸ਼ਰਧਾਂਜਲੀ ਭੇਂਟਕੀਤੀ। ਗਵਰਨਰ ਆਰਿਫ਼ ਮੁਹੰਮਦ ਖਾਂ ਨੇ ਬੋਲਦਿਆਂ ਸਿੱਖ ਇਤਿਹਾਸ ਨੂੰ ਬਾਖ਼ੂਬੀ ਬਿਆਨ ਕਰਦਿਆਂ ਇੱਕ ਸੁਲਝੇ ਹੋਏ ਵਿਦਵਾਨ ਦੀ ਤਰ੍ਹਾਂ ਸੰਸਾਰ ਦੇ ਇਤਿਹਾਸ ਵਿੱਚ ਗੁਰੂ ਸਾਹਿਬ ਨੂੰ ਮਰਦ ਅਗੰਮੜਾ ਦੱਸਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਸਰਬੰਸ ਵਾਰ ਕੇ ਮਨੁੱਖਤਾ ਦੀ ਦਸ਼ਾ ਤੇ ਦਿਸ਼ਾ ਬਦਲ ਦਿੱਤੀ। ਉਨਾਂ ਲੰਮਾਂ ਸਮਾਂ ਬੈਠ ਕੇ ਗੁਰਬਾਣੀ ਕੀਰਤਨ ਵੀ ਸਰਵਣ ਕੀਤਾ। ਇਨ੍ਹਾਂ ਸਮਾਗਮਾਂ ਦੌਰਾਨ ਪ੍ਰਬੰਧਕਾਂ ਅਤੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਅਤੇ ਪੰਜ ਪਿਆਰਿਆਂ ਨੇ ਮੁੱਖ ਮੰਤਰੀ ਅਤੇ ਗਵਰਨਰ ਨੂੰ ਸਨਮਾਨਿਤ ਕੀਤਾ। ਤਖ਼ਤ ਦੇ ਜਥੇਦਾਰ ਵੱਲੋਂ ਕੌਮ ਕੇ ਨਾਂ ਸੰਦੇਸ਼ ਜਾਰੀ ਕਰਦਿਆਂ ਕੌਮ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦਾ ਸੰਦੇਸ਼ ਦਿੰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤ। ਇਸ ਦੌਰਾਨ ਲਗਾਤਾਰ ਦੀਵਾਨਾਂ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੰਵਲਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ, ਭਾਈ ਚਮਨਜੀਤ ਸਿੰਘ ਲਾਲ ਦਿੱਲੀ, ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ, ਬਾਣੀ ਜਥਾ ਬੜੂ ਸਾਹਿਬ, ਭਾਈ ਹਰਜੋਤ ਸਿੰਘ ਜ਼ਖ਼ਮੀਂ, ਤਖ਼ਤ ਪਟਨਾ ਸਾਹਿਬ ਸਾਰੇ ਜਥਿਆਂ ਅਤੇ ਕਥਾਵਾਚਕਾਂ ਨੇ ਹਾਜ਼ਰੀ ਭਰੀ। ਸਾਲਿਸ ਰਾਏ ਚੌਧਰੀ ਦੀਵਾਨ ਹਾਲ ਵਿਖੇ ਲੱਖਾਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਕਥਾ ਕੀਰਤਨ ਸਰਵਣ ਕੀਤਾ। ਗੁਰੂ ਕੇ ਲੰਗਰਾਂ ਦੀਸੇਵਾ ਅਤੇ ਹੋਰ ਸੇਵਾਵਾਂ ਲਈ ਬਾਬਾ ਬਚਨ ਸਿੰਘ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਦਿੱਲੀ, ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ੍ਹ ਕਾਰ ਸੇਵਾ ਵੱਲੋਂ ਬਾਬਾ ਪ੍ਰੇਮ ਸਿੰਘ ਭੁੱਲਥ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਜਸਪਾਲਸਿੰਘ ਨੀਲਾ ਨੇ ਕਾਰ ਸੇਵਾ ਬਾਬਾ ਕਰਤਾਰ ਸਿੰਘ ਠੱਟਾ ਟਿੱਬਾ ਗੁਰੂ ਕੇ ਲੰਗਰਾਂ ਦੀ ਸੇਵਾ ਵਿੱਚ ਯੋਗਦਾਨ ਪਾਇਆ। ਪੰਜਾਬ ਅਤੇ ਦੇਸ਼ ਦੇ ਦੂਜੇ ਸ਼ਹਿਰਾਂ ਵਿੱਚੋਂ ਧਾਰਮਿਕ ਜਥੇਬੰਦੀਆਂ, ਸੇਵਾ ਸੰਸਥਾਵਾਂ ਨੇ ਭਰਪੂਰ ਯੋਗਦਾਨ ਪਾਇਆ ਅਤੇ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਅਤੇ ਤਿੰਨੋਂ ਦਿਨ ਸਟੇਜ ਸੰਚਾਲਨ ਦੀ ਡਿਊਟੀ ਨਿਭਾਉਣ ਵਾਲੇ ਪ੍ਰਸਿੱਧ ਪੰਥਕ ਬੁਲਾਰੇ ਤੇ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ ਤਖ਼ਤ ਸਾਹਿਬ ਵੱਲੋਂ ਕੀਤਾ ਗਿਆ। ਆਖ਼ਰੀ ਦਿਨ ਰਾਤ ਇੱਕ ਵਜੇ ਭੋਗ ਦਾ ਸਲੋਕ ਅਤੇ ਆਗਮਨ ਕਥਾ, ਕੀਰਤਨ ਤੋਂ ਪਿੱਛੋਂ ਅਰਦਾਸ ਨਾਲ ਸਮਾਪਤੀ ਹੋਈ।

# ਗੁੰਮ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਐਸ.ਜੀ.ਪੀ.ਸੀ ਜ਼ੁੰਮੇਵਾਰਾਂ ਵਿਰੁੱਧ ਕਾਰਵਾਈ ਕਰਵਾਏ—ਮਹਾਲਮ

## ਕਾਰਵਾਈ ਵਿਚ ਐਸ.ਜੀ.ਪੀ.ਸੀ ਵੱਲੋਂ ਪਾਏ ਜਾ ਰਹੇ ਅੜਿਕੇ ਚਿੰਤਾ ਦਾ ਵਿਸ਼ਾ—ਲਖਬੀਰ ਸਿੰਘ ਮਹਾਲਮ



ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ) :— ਦੁਨਿਆ ਭਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਵਰਗ ਵੱਲੋਂ ਸਤਿਕਾਰ ਕੀਤਾ ਜਾਂਦਾ ਹੈ ਅਤੇ ਪੰਜਾਬ ਵਿਚ ਕੁਝ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੋਇਆ ਨਿਰਾਦਰ ਸਿੱਖ ਸੰਗਤ ਸਮੇਤ ਦੁਨਿਆਂ ਭਰ ਵਿਚ ਬੈਠੇ ਗੁਰੂ ਦੇ ਪਿਆਰਿਆਂ ਦੇ ਦਿਲਾਂ ਵਿਚ ਰੋਹ ਦੀ ਲਹਿਰ ਦੌੜਾ ਗਿਆ ਹੈ। ਇਹ ਵਿਚਾਰ ਸਾਂਝੇ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਲਖਬੀਰ ਸਿੰਘ ਮਹਾਲਮ, ਸੰਤੋਖ ਸਿੰਘ ਬੱਗੇ ਕੇ ਪਿੱਪਲ, ਬਲਕਾਰ ਸਿੰਘ ਫ਼ਿਰੋਜ਼ਪੁਰ, ਜਗਤਾਰ ਸਿੰਘ ਮਹਾਲਮ, ਭਗਵਾਨ ਸਿੰਘ ਮਹਾਲਮ, ਸੁਖਦੇਵ ਸਿੰਘ ਮਹਾਲਮ, ਅਮਰੀਕ ਸਿੰਘ ਗੋਰਾ ਛਾਉਣੀ, ਲਾਲੀ ਬੱਬਰ ਤੇ ਸਾਥੀਆਂ ਨੇ ਕਿਹਾ ਕਿ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗੁੰਮ ਹੋਣ ਦੀ ਖਬਰ ਮਿਲਦਿਆਂ ਹੀ ਸਿੱਖ ਜਥੇਬੰਦੀਆਂ ਵੱਲੋਂ ਇਸ ਤੇ ਗਹਿਰੀ ਚਿੰਤਾ ਜ਼ਾਹਿਰ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਗੰਭੀਰ ਮਸਲੇ ਤੇ ਕਾਰਵਾਈ ਕਰਨ ਦੀ ਬੇਨਤੀ ਕੀਤੀ ਸੀ, ਪਰ ਐਸ.ਜੀ.ਪੀ.ਸੀ ਵੱਲੋਂ ਇਸ ਮਾਮਲੇ ਵਿਚ ਰਾਜਨੀਤੀ ਕਰਕੇ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਵਾਲੀ ਸੰਗਤ ਦੇ ਦਿਲਾਂ ਪਰ ਗਹਿਰੀ ਚੋਟ ਮਾਰੀ, ਉਥੇ ਅਜਿਹਾ ਕਰਕੇ ਇਸ ਦੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ ਬਿਨ੍ਹਾਂ ਦੇਰੀ ਇਸ ਮਾਮਲੇ ਵਿਚ ਪੰਜਾਬ ਸਰਕਾਰ ਦਾ ਸਹਿਯੋਗ ਕਰੇ ਤਾਂ ਜ਼ੋ ਗੁੰਮ ਹੋਏ 328 ਪਾਵਨ ਸਰੂਪ ਦੇ ਅਸਲ ਦੋਸ਼ੀਆਂ ਵਿਰੁੱਧ ਕਾਰਵਾਈ ਹੋ ਸਕੇ। ਉਨ੍ਹਾਂ ਕਿਹਾ ਕਿ ਜਦੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਪਾਵਨ ਸਰੂਪ ਦੇ ਅੰਗ ਗਲੀਆਂ ਵਿੱਚ ਖਿਲਾਰੇ ਜਾਣ ਦੀ ਦਰਦਨਾਕ ਘਟਨਾ ਨੇ ਸੰਸਾਰ ਭਰ ਦੀ ਸਿੱਖ ਸੰਗਤ ਨੂੰ ਝੰਝੋੜ ਕੇ ਰੱਖ ਦਿੱਤਾ ਸੀ, ਤਾਂ ਫਿਰ 328 ਪਾਵਨ ਸਰੂਪਾਂ ਦੇ ਗੁੰਮ ਹੋਣ ਵਰਗੇ ਅਤਿ ਗੰਭੀਰ ਮਸਲੇ 'ਤੇ ਹੋ ਰਹੀ ਕਾਨੂੰਨੀ ਕਾਰਵਾਈ ਦਾ ਐਸ.ਜੀ.ਪੀ.ਸੀ ਵੱਲੋਂ ਵਿਰੋਧ ਸਮਝ ਤੋਂ ਪਰੇ ਹੈ। ਆਗੂਆਂ ਨੇ ਸਪਸ਼ਟ ਕੀਤਾ ਕਿ ਗੁਰੂ ਸਾਹਿਬ ਨਾਲ ਜੁੜੇ ਮਸਲਿਆਂ 'ਤੇ ਕਿਸੇ ਵੀ ਤਰ੍ਹਾਂ ਦੀ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਪਰ ਇਸ ਆੜ ਹੇਠ ਦੋਸ਼ੀਆਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਵੀ ਕਦੇ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਸਵਾਲ ਉਠਾਇਆ ਕਿ ਗੁੰਮਸ਼ੁਦਾ ਸਰੂਪਾਂ ਦੇ ਮਸਲੇ 'ਤੇ ਮੰਗ ਪੱਤਰ ਰਾਹੀਂ ਇਨਸਾਫ਼ ਦੀ ਮੰਗ ਕਰਨ ਵਾਲੀਆਂ ਸਿੱਖ ਸੰਗਤਾਂ 'ਤੇ ਟਾਸਕ ਫੋਰਸ ਵੱਲੋਂ ਕੀਤੇ ਗਏ ਹਮਲੇ ਕਿਸ ਦੇ ਇਸ਼ਾਰੇ 'ਤੇ ਕਰਵਾਏ ਗਏ ਅਤੇ ਲਗਭਗ ਪੰਜ ਸਾਲਾਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਚੱਲ ਰਹੇ ਸ਼ਾਂਤਮਈ ਮੋਰਚੇ ਨੂੰ ਤਸੱਲੀਬਖ਼ਸ਼ ਜਵਾਬ ਦੇ ਕੇ ਖ਼ਤਮ ਕਰਨ ਤੋਂ ਕਿਸ ਨੇ ਰੋਕਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਇੰਡੀਆ 'ਚ ਸੋਨੇ ਦੀਆਂ ਕੀਮਤਾਂ 'ਚ ਵੱਡਾ ਧਮਾਕਾ ! ਸੋਨੇ ਦਾ ਭਾਅ ਪਹਿਲੀ ਵਾਰ 1.40 ਲੱਖ 'ਤੇ ਪਹੁੰਚਿਆ

**ਨਵੀਂ ਦਿੱਲੀ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਾਲ ਖ਼ਤਮ ਹੋਣ ਵਾਲਾ ਹੈ, ਪਰ ਸੋਨੇ ਦੀਆਂ ਕੀਮਤਾਂ ਘਟਣ ਦਾ ਨਾਮ ਨਹੀਂ ਲੈ ਰਹੀਆਂ। 24 ਕੈਰਟ ਵਿੱਚ 10 ਗ੍ਰਾਮ ਸੋਨੇ ਦਾ ਭਾਅ 1.40 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਇਸ ਤਰ੍ਹਾਂ ਇਹ ਸਾਲ ਸੋਨੇ ਦੀਆਂ ਕੀਮਤਾਂ ਲਈ ਇਤਿਹਾਸਕ ਸਾਬਤ ਹੋ ਰਿਹਾ ਹੈ। ਸੋਨੇ ਦੇ ਭਾਅ ਲਗਾਤਾਰ ਨਵੇਂ-ਨਵੇਂ ਰਿਕਾਰਡ ਬਣਾਉਂਦੇ ਜਾ ਰਹੇ ਹਨ। ਇਸ ਸਾਲ ਸੋਨੇ ਦੀ ਕੀਮਤ ਵਿੱਚ 70 ਫੀਸਦੀ ਤੋਂ ਵੱਧ ਦਾ ਉਛਾਲ ਆ ਚੁੱਕਾ ਹੈ। ਸਾਲ ਦੀ ਸ਼ੁਰੂਆਤ ਵਿੱਚ 10 ਗ੍ਰਾਮ ਸੋਨੇ ਦੀ ਕੀਮਤ 83,680 ਰੁਪਏ ਸੀ, ਜੋ ਹੁਣ ਹੌਲੀ-ਹੌਲੀ ਡੇਢ ਲੱਖ ਦੇ ਨੇੜੇ ਪਹੁੰਚ ਰਹੀ ਹੈ।

**ਕੀ ਅਗਲੇ ਸਾਲ ਵੀ ਵਧੇਗੀ ਕੀਮਤ ?**

ਹੁਣ ਲੋਕਾਂ ਨੂੰ ਇਹ ਚਿੰਤਾ ਸਤਾਉਣ ਲੱਗ ਪਈ ਹੈ ਕਿ ਕੀ 2026 ਵਿੱਚ ਵੀ ਸੋਨੇ ਦੀ ਕੀਮਤ ਵਿੱਚ ਇਹੀ ਤੇਜ਼ੀ ਬਣੀ ਰਹੇਗੀ। ਜੇਪੀ ਮੋਰਗਨ ਦੇ ਵਿਸ਼ਲੇਸ਼ਕਾਂ ਮੁਤਾਬਕ ਅਗਲੇ ਸਾਲ ਦਸੰਬਰ ਤੱਕ ਸੋਨੇ ਦੀ ਕੀਮਤ 5000 ਡਾਲਰ ਪ੍ਰਤੀ ਔਂਸ (ਭਾਰਤੀ ਮੁਦਰਾ ਵਿੱਚ ਲਗਭਗ 1,58,485 ਰੁਪਏ ਪ੍ਰਤੀ 10 ਗ੍ਰਾਮ) ਤੱਕ ਪਹੁੰਚ ਸਕਦੀ ਹੈ।

ਉੱਥੇ ਹੀ ਗੋਲਡਮੈਨ ਸੈਕਸ ਦੇ ਇੱਕ ਸਰਵੇ ਅਨੁਸਾਰ ਅਗਲੇ ਸਾਲ ਸੋਨੇ ਦੀ ਕੀਮਤ ਵਿੱਚ ਲਗਭਗ 36 ਫੀਸਦੀ ਦਾ ਵਾਧਾ ਹੋ ਸਕਦਾ ਹੈ ਅਤੇ ਇਹ ਵੀ 5000 ਡਾਲਰ ਪ੍ਰਤੀ ਔਂਸ ਤੱਕ ਪਹੁੰਚ ਸਕਦੀ ਹੈ। ਮੌਜੂਦਾ ਐਕਸਚੇਂਜ ਰੇਟ ਅਨੁਸਾਰ ਇਹ ਲਗਭਗ 1,58,213 ਰੁਪਏ ਪ੍ਰਤੀ 10 ਗ੍ਰਾਮ ਬਣਦਾ ਹੈ। ਹਾਲਾਂਕਿ, ਇਨ੍ਹਾਂ ਅੰਦਾਜ਼ਿਆਂ ਵਿੱਚ ਭਾਰਤ ਵਿੱਚ ਲੱਗਣ ਵਾਲਾ 3 ਫੀਸਦੀ GST ਅਤੇ ਸਟੈਂਪ ਡਿਊਟੀ ਸ਼ਾਮਲ ਨਹੀਂ ਹੈ।

**ਸੋਨੇ ਦਾ ਭਾਅ ਕਿਉਂ ਵਧਿਆ ?**

ਜੀਓਪਾਲਿਟੀਕਲ ਟੈਂਸ਼ਨ ਸੋਨੇ ਦੀ ਕੀਮਤ ਵਿੱਚ ਆਈ ਇਸ ਤੇਜ਼ੀ ਦੀ ਸਭ ਤੋਂ ਵੱਡੀ ਵਜ੍ਹਾ ਮੰਨੀ ਜਾ ਰਹੀ ਹੈ। ਇੱਕ ਪਾਸੇ ਰੂਸ-ਯੂਕਰੇਨ ਵਿਚਕਾਰ ਜੰਗ ਪਿਛਲੇ ਤਿੰਨ ਸਾਲਾਂ ਤੋਂ ਬਿਨਾਂ ਕਿਸੇ ਹੱਲ ਦੇ ਜਾਰੀ ਹੈ। ਦੂਜੇ ਪਾਸੇ ਵੇਨੇਜ਼ੁਏਲਾ ਤੋਂ ਕੱਚੇ ਤੇਲ ਦੀ ਸਪਲਾਈ ਵਿੱਚ ਸੰਭਾਵਿਤ ਰੁਕਾਵਟ ਨੂੰ ਲੈ ਕੇ ਵੀ ਚਿੰਤਾਵਾਂ ਬਣੀਆਂ ਹੋਈਆਂ ਹਨ।

ਇਸ ਤੋਂ ਇਲਾਵਾ ਅਫ਼ਰੀਕਾ ਵਿੱਚ ISIS ਨਾਲ ਜੁੜੇ ਗਰੁੱਪਾਂ ਖ਼ਿਲਾਫ਼ ਅਮਰੀਕੀ ਫੌਜੀ ਕਾਰਵਾਈ ਦੀਆਂ ਖ਼ਬਰਾਂ ਨੇ ਵੀ ਨਿਵੇਸ਼ਕਾਂ ਦੀ ਟੈਂਸ਼ਨ ਵਧਾਈ ਹੈ। ਅਜਿਹੇ ਅਨਿਸ਼ਚਿਤਤਾ ਮਾਹੌਲ ਵਿੱਚ ਨਿਵੇਸ਼ਕ ਇਕਵਿਟੀ ਵਰਗੇ ਵੱਧ ਜੋਖ਼ਿਮ ਵਾਲੇ ਐਸੈੱਟਸ ਤੋਂ ਪੈਸਾ ਕੱਢ ਕੇ ਸੋਨਾ ਅਤੇ ਚਾਂਦੀ ਵਰਗੀਆਂ ਸੁਰੱਖਿਅਤ ਨਿਵੇਸ਼ਾਂ ਵੱਲ ਰੁਝਾਨ ਕਰ ਰਹੇ ਹਨ, ਜਿਸ ਨਾਲ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ। ਸੋਨੇ ਦੀ ਕੀਮਤ ਵਿੱਚ ਤੇਜ਼ੀ ਆਉਣ ਦੀ ਇੱਕ ਹੋਰ ਵਜ੍ਹਾ ਇਹ ਵੀ ਹੈ ਕਿ ਮਾਰਕੀਟ ਨੂੰ ਉਮੀਦ ਹੈ ਕਿ ਅਮਰੀਕਾ ਦਾ ਸੈਂਟਰਲ ਬੈਂਕ ਅਗਲੇ ਸਾਲ ਘੱਟੋ-ਘੱਟ ਦੋ ਵਾਰੀ ਵਿਆਜ ਦਰ ਘਟਾਏਗਾ।

ਜਦੋਂ ਬਿਆਜ ਦਰ ਘੱਟ ਹੁੰਦੀ ਹੈ, ਨਿਵੇਸ਼ਕ ਫਿਕਸਡ ਡਿਪਾਜ਼ਿਟ, ਬੌਂਡ ਅਤੇ ਸੇਵਿੰਗ ਇੰਸਟਰੂਮੈਂਟਸ ਦੀ ਬਜਾਏ ਐਸੇ ਵਿਕਲਪ ਵਿੱਚ ਪੈਸਾ ਲਗਾਉਂਦੇ ਹਨ, ਜੋ ਆਪਣੀ ਵੈਲਯੂ ਬਣਾਈ ਰੱਖ ਸਕੇ। ਇਸ ਕਾਰਨ ਗੋਲਡ ETF ਵਿੱਚ ਲਗਾਤਾਰ ਨਿਵੇਸ਼ ਵੱਧ ਰਿਹਾ ਹੈ। ਦੁਨੀਆ ਭਰ ਦੇ ਸੈਂਟਰਲ ਬੈਂਕਾਂ ਨੇ ਵੀ ਸੋਨੇ ਦੀ ਖਰੀਦਾਰੀ ਵਧਾ ਦਿੱਤੀ ਹੈ, ਜਿਸ ਨਾਲ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ।



ਰੋਹਤਕ ਦੀਆਂ ਸਿੱਖ ਸੰਗਤਾਂ,ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁਰੂਘਰ ਦੇ ਸੇਵਕ ਸਿੱਖ ਅਵਤਾਰ ਸਿੰਘ ਖੁਰਾਣਾ ਪਰਿਵਾਰ ਵੱਲੋਂ

# ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ 'ਸ.ਫਰ-ਏ-ਸ਼ਹਾਦਤ' ਪ੍ਰੋਗਰਾਮ ਆਯੋਜਿਤ

## ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ










ਰੋਹਤਕ ਦੀਆਂ ਸਿੱਖ ਸੰਗਤਾਂ,ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁਰੂਘਰ ਦੇ ਸੇਵਕ ਸਿੱਖ ਅਵਤਾਰ ਸਿੰਘ ਖੁਰਾਣਾ ਪ੍ਰੀਵਾਰ ਵੱਲੋਂ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ 22 ਤੋ 27 ਦਸੰਬਰ ਤੱਕ "ਸ.ਫ਼ਰ-ਏ-ਸ਼ਹਾਦਤ" ਪ੍ਰੋਗਰਾਮ ਕੀਤਾ ਗਿਆ 26 ਦਸੰਬਰ ਨੂੰ ਗੁਰਦੁਆਰਾ ਸੁਭਾਸ਼ ਨਗਰ ਰੋਹਤਕ ਵਿਖੇ ਪੰਥ ਪ੍ਰਸਿੱਧ ਕੀਰਤਨੀਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਨੇ ਰਸਭਿੰਨਾ ਕੀਰਤਨ ਕੀਤਾ ਅਤੇ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ,ਗੁਰੂਪੰਥ ਦੋਖੀਆਂ ਵਲੋਂ ਪਾਈਆਂ ਅਨੇਕਾਂ ਰੁਕਾਵਟਾਂ ਨੂੰ ਦਰਕਿਨਾਰ ਕਰਕੇ ਰੋਹਤਕ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ.ਇਸ ਸਮੇਂ ਹੋਰਾਂ ਤੋਂ ਇਲਾਵਾ ਮਹੰਤ ਦਿਲਬਾਗ ਸਿੰਘ ਸੇਵਾ ਪੰਥੀ ਜਥੇਦਾਰ ਗੁਰਜਿੰਦਰ ਸਿੰਘ ਜੀਂਦ ਵੀ ਹਾਜ਼ਰ ਸਨ ਜਥੇਦਾਰ ਦਾਦੂਵਾਲ ਜੀ ਨੇ ਸਮਾਗਮ ਵਿੱਚ ਪੁੱਜਣ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਰੋਹਤਕ ਵਿਖੇ ਮੱਥਾ ਟੇਕਿਆ।




(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਰੋਹਤਕ ਦੀਆਂ ਸਿੱਖ ਸੰਗਤਾਂ,ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁਰੂਘਰ ਦੇ ਸੇਵਕ ਸਿੱਖ ਅਵਤਾਰ ਸਿੰਘ ਖੁਰਾਣਾ ਪਰਿਵਾਰ ਵੱਲੋਂ

# ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ 'ਸਫ਼ਰ-ਏ-ਸ਼ਹਾਦਤ' ਪ੍ਰੋਗਰਾਮ ਆਯੋਜਿਤ

## ਗੁਰੂਪੰਥ ਦੋਖੀਆਂ ਵਲੋਂ ਪਾਈਆਂ ਅਨੇਕਾਂ ਰੁਕਾਵਟਾਂ ਨੂੰ ਦਰਕਿਨਾਰ ਕਰਕੇ ਰੋਹਤਕ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ














ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮੈ 1994 ਵਿੱਚ ਪੰਥਕ ਆਗੂਆਂ ਨੂੰ ਚਿਤਾਵਨੀ ਦਿੱਤੀ ਸੀ ਕਿ

# ਜੇ ਬਾਦਲ ਸੱਤਾ ਵਿੱਚ ਆ ਗਿਆ ਤਾਂ ਪੰਜਾਬ ਦੀਆਂ ਹਵਾਵਾਂ ਵਿੱਚੋ ਵੀ ਸਿੱਖੀ ਦੀ ਖੁਸ਼ਬੂ ਮਿਟ ਜਾਵੇਗੀ






ਜੇ ਕਰ ਮੈਨੂੰ ਕੋਈ ਇਹ ਪੁੱਛੇ ਕਿ ਤੂੰ ਰਾਜਨੀਤੀ ਵਿੱਚ ਸਭ ਤੋਂ ਬੇਗੈਰਤ ਇਨਸਾਨ ਦੀ ਮਿਸਾਲ ਦੇਣੀ ਹੋਵੇ ਤਾਂ ਉਹ ਕੋਣ ਹੋ ਸਕਦਾ ,ਤਾਂ ਮੇਰਾ ਜਵਾਬ ਪ੍ਰਕਾਸ਼ ਸਿੰਘ ਬਾਦਲ ਹੋਵੇਗਾ ।ਮੈਨੂੰ ਇਸ ਗੱਲ ਦੀ ਬੇਹੱਦ ਸ਼ੰਤੁਸ਼ਟੀ ਹੈ ਕਿ ਮੇਰਾ ਜਦੋ ਕਦੇ ਵੀ ਉਸ ਬੇਗੈਰਤ ਇਨਸਾਨ ਨਾਲ ਵਾਹ ਪਿਆ ,ਮੈਂ ਉਸ ਨੂੰ ਪੁੱਜ ਕੇ ਜਲੀਲ ਕੀਤਾ ਸੀ ।ਮੈਨੂੰ ਸਟੇਜ ਉੱਪਰ ਬੋਲਣ ਦਾ ਕਦੇ ਵੀ ਚਾਅ ਨਹੀਂ ਰਿਹਾ ।ਪਰ ਬਾਦਲ ਨੂੰ ਜਲੀਲ ਕਰਨ ਲਈ ਮੈਂ ਸਟੇਜ ਉੱਪਰ ਬੋਲਣਾ ਵੀ ਸ਼ੁਰੂ ਕੀਤਾ ।1987-88 ਦੌਰਾਨ ਮੈਂ ਅਤੇ ਮੇਰੇ ਸਾਥੀ ਇਤਿਹਾਸਕ ਜੋੜ ਮੇਲਿਆਂ ਉਪਰ ਰਵਾਇਤੀ ਅਕਾਲੀਆਂ ਦੀਆਂ ਲੱਗਣ ਵਾਲੀਆਂ ਸਟੇਜਾਂ ਹਾਈਜੈਕ ਕਰਕੇ ਅਕਸਰ ਹੀ ਬਾਦਲ ਸਮੇਤ ਹੋਰ ਅਕਾਲੀ ਆਗੂਆਂ ਦੀਆਂ ਕਰਤੂਤਾਂ ਦਾ ਉਹਨਾਂ ਦੀ ਹਾਜ਼ਰੀ ਵਿੱਚ ਪਰਦਾਫਾਸ਼ ਕਰਦੇ ਹੁੰਦੇ ਸੀ ।ਕਈ ਵਾਰ ਅਜਿਹੀਆਂ ਕੋਸ਼ਿਸ਼ਾਂ ਵਿੱਚ ਸਟੇਜ ਉੱਪਰ ਮਾਹੌਲ ਤਨਾਅ ਵਾਲਾ ਹੋ ਜਾਂਦਾ ਸੀ ,ਇੱਕ ਵਾਰ ਫਿਰੋਜਪੁਰ ਕਚਹਿਰੀਆਂ ਸਾਹਮਣੇ ਬਣੇ ਇਹੋ ਜਿਹੇ ਮਾਹੌਲ ਵਿੱਚ ਬਾਦਲ ਦੀ ਪੱਗ ਵੀ ਲੱਥ ਗਈ ਸੀ ।

ਮਾਰਚ 1988 ਵਿੱਚ ਆਨੰਦਪੁਰ ਸਾਹਿਬ ਵਿਖੇ ਅਸੀ ਅਕਾਲੀ ਦਲ ਦੀ ਸਟੇਜ ਉੱਪਰ ਕਬਜ਼ਾ ਕੀਤਾ ਤਾਂ ਸਟੇਜ ਉੱਪਰ ਬਾਦਲ ਅਤੇ ਸ਼ੇਰ ਸਿੰਘ ਡੂਮਛੇੜੀ ਵਰਗੇ ਧਾਕੜ ਅਕਾਲੀ ਆਗੂ ਮੌਜੂਦ ਸਨ ।ਜਦੋ ਮੇਰੇ ਸਮੇਤ ਸਾਡੇ ਤਿੰਨ ਚਾਰ ਬੁਲਾਰੇ ਬੋਲ ਹਟੇ ਤਾਂ ਅਸੀ ਸਟੇਜ ਫਿਰ ਅਕਾਲੀ ਦਲ ਦੇ ਸਟੇਜ ਸੈਕਟਰੀ ਹਵਾਲੇ ਕਰਕੇ ਜਾਣ ਲੱਗੇ ਤਾਂ ਬਾਦਲ ਮੈਨੂੰ ਸੰਬੋਧਨ ਹੋ ਕੇ ਕਹਿਣ ਲੱਗਾ 'ਕਾਕਾ ਜੀ ਮੈਂ ਤੁਹਾਡੇ ਨਾਲ ਗੱਲ ਕਰਨੀ ਹੈ ,ਮੇਰੀ ਗੱਲ ਸੁਣ ਕੇ ਜਾਇਓ ' ।ਅਸੀ ਸਟੇਜ ਦੇ ਪਿਛਲੇ ਪਾਸੇ ਆ ਗਏ ,ਪ੍ਰਕਾਸ਼ ਸਿੰਘ ਬਾਦਲ ਮੇਰੇ ਸਾਹਮਣੇ ਹੱਥ ਜੋੜਕੇ ਨਿਮਾਣਾ ਜਿਹਾ ਬਣਕੇ ਕਹਿਣ ਲੱਗਾ " ਕਾਕਾ ਜੀ ਤੁਸੀ ਮੈਨੂੰ ਹਰ ਸਟੇਜ ਉੱਪਰ ਜਲੀਲ ਕਰਦੇ ਹੋ ,ਆਖਿਰ ਮੇਰਾ ਕਸੂਰ ਕੀ ਹੈ ,ਮੈਂ ਵੀ ਪੰਥ ਖਾਤਰ ਲੰਬਾ ਸਮਾਂ ਜੇਲ ਕੱਟੀ ਹੈ" ।ਮੈਨੂੰ ਚੰਗਾ ਨਾ ਲੱਗਾ ਕਿ ਇੱਕ ਬਜ਼ੁਗਰ ਆਦਮੀ ਮੇਰੇ ਅੱਗੇ ਇਸ ਤਰ੍ਹਾਂ ਹੱਥ ਜੋੜ ਕੇ ਖੜਾ ਹੋਵੇ ,ਪਰ ਮੇਰੀ ਰੂਹ ਨੇ ਆਖਿਆ ਕਿ ਸਿੱਖੀ ਵਿੱਚ ਬਜ਼ੁਰਗੀ ਦਾ ਸਬੰਧ ਉਮਰ ਦੀ ਬਜਾਏ ਚੰਗੇ ਗੁਣਾਂ ਨਾਲ ਹੈ ।ਉੱਥੇ ਮੈਂ ਬਾਦਲ ਨੂੰ ਬਹੁਤ ਕੋੜੀਆਂ ਹਕੀਕਤਾਂ ਦੇ ਰੂਪ ਵਿੱਚ ਜਵਾਬ ਦਿੱਤੇ ।ਪਰ ਉਹਨਾਂ ਵਿੱਚੋ ਜੋ ਇੱਕ ਗੱਲ ਮੈ ਬਾਦਲ ਨੂੰ ਉਸ ਵਕਤ ਕਹੀ ਉਹ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ।ਮੈ ਬਾਦਲ ਦੇ ਸਵਾਲ ਦੇ ਜਵਾਬ ਵਿੱਚ ਹੋਰ ਗੱਲਾਂ ਤੋ ਇਲਾਵਾ ਇਹ ਕਿਹਾ ,"ਬਾਦਲ ਸਾਹਿਬ ਪਤਾ ਨਹੀਂ ਮੈਨੂੰ ਇਹ ਕਿਉਂ ਜਾਪਦਾ ਕਿ ਤੁਸੀ ਮਗਰਮੱਛ ਦੀ ਤਰ੍ਹਾਂ ਮੇਰੀ ਪੂਰੀ ਕੌਮ ਨੂੰ ਨਿਗਲ ਜਾਵੋਗੇ" ।ਮੇਰੇ ਯਾਦ ਹੈ ਕਿ ਇਸ ਗੱਲਬਾਤ ਦੌਰਾਨ ਮੈਨੂੰ ਬਾਦਲ ਨੇ ਕਿਹਾ ਕਿ"ਕਾਕਾ ਜੀ ਮੇਰੇ ਕੋਲ ਅੱਜ ਤੁਹਾਡੇ ਲਈ ਇੱਕ ਖੁਸ਼ੀ ਦੀ ਖਬਰ ਹੈ,ਭਾਈ ਜਸਬੀਰ ਸਿੰਘ ਰੋਡੇ ਅੱਜ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚ ਰਹੇ ਹਨ" ।ਉਹਨੀ ਦਿਨੀ ਖਬਰਾਂ ਦਾ ਸ੍ਰੋਤ ਅਖਬਾਰ ਜਾ ਰੇਡਿਓ ਟੀ.ਵੀ ਦੀਆਂ ਖਬਰਾਂ ਹੀ ਸਨ ।ਸਾਨੂੰ ਉਸ ਵਕਤ ਇਸ ਰਿਹਾਈ ਦੀ ਕੋਈ ਖਬਰ ਨਹੀ ਸੀ ,ਪਰ ਬਾਦਲ ਵਰਗੇ ਆਗੂ ਤਾਂ ਸਰਕਾਰਾਂ ਦੀਆਂ ਅੱਖਾਂ ਅਤੇ ਕੰਨ ਹੁੰਦੇ ਹਨ ,ਉਹਨਾਂ ਤੋਂ ਸਰਕਾਰਾਂ ਕੋਈ ਭੇਦ ਨਹੀਂ ਲੁਕਾਉਂਦੀਆਂ ਹੁੰਦੀਆਂ ।

ਬਾਦਲ ਨਾਲ ਜੁੜੀ ਇੱਕ ਹੋਰ ਗੱਲ ਜੋ 1994 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਅਕਾਲੀ ਧੜਿਆਂ ਦੀ ਏਕਤਾ ਬਾਰੇ ਆਰੰਭੇ ਪ੍ਰਸੰਗ ਨਾਲ ਜੁੜੀ ਹੈ ,ਵੀ ਸਾਂਝੀ ਕਰਨੀ ਚਾਹੁੰਦਾ ਹਾਂ ।ਉਸ ਵਕਤ ਦੇ ਜੱਥੇਦਾਰ ਪ੍ਰੋ .ਮਨਜੀਤ ਸਿੰਘ ਵਲੋ ਆਰੰਭੀ ਇਸ ਪ੍ਰਕਿਰਿਆ ਵਿੱਚ ਮੈ ਅਤੇ ਮੇਰੇ ਦੋਸਤ ਪਰਦੇ ਪਿੱਛੇ ਬਹੁਤ ਮਹੱਤਵਪੂਰਨ ਰੋਲ ਨਿਭਾ ਰਹੇ ਸੀ ।ਉਹਨੀ ਦਿਨੀ ਅਸੀ ਪੰਥਕ ਸਫਾਂ ਦੀ ਗਰਮ-ਨਰਮ ਹਰੇਕ ਵੰਨਗੀ ਦੇ ਆਗੂ ਨੂੰ ਮਿਲ ਕੇ ਪ੍ਰਕਾਸ਼ ਸਿੰਘ ਦੇ ਪੰਥ ਮਾਰੂ ਇਰਾਦਿਆਂ ਖਿਲਾਫ ਇਕੱਤਰ ਹੋਣ ਲਈ ਮਨਾਉਣ -ਸਮਝਾਉਣ ਦੇ ਅਨੇਕਾਂ ਯਤਨ ਕੀਤੇ ਸਨ ।ਉਹਨੀ ਦਿਨੀ ਅਸੀ ਸਿਮਰਨਜੀਤ ਸਿੰਘ ਮਾਨ ,ਜੱਥੇਦਾਰ ਟੋਹੜਾ ,ਕੈਪਟਨ ਅਮਰਿੰਦਰ ਸਿੰਘ ,ਟਕਸਾਲ ਦੇ ਪ੍ਰਮੁਖ ਆਗੂਆਂ ,ਫੈਡਰੇਸ਼ਨ ਆਗੂਆਂ ਤੋ ਇਲਾਵਾ ਹੋਰ ਕਈ ਪੰਥਕ ਸ਼ਖਸੀਅਤਾਂ ਨੂੰ ਬਾਦਲ ਖਿਲਾਫ ਇੱਕ ਪਲੇਟਫਾਰਮ ਉਪਰ ਇੱਕਠੇ ਕਰਨ ਦੇ ਯਤਨਾਂ ਤਹਿਤ ਵਾਰ-ਵਾਰ ਮਿਲਦੇ ਸੀ ।ਇਹਨਾਂ ਮਿਲਣੀਆਂ ਦੌਰਾਨ ਜੋ ਇੱਕ ਗੱਲ ਮੈਂ ਪ੍ਰਮੁੱਖ ਸਿੱਖ ਆਗੂਆਂ ਕੋਲ ਕਈ ਵਾਰ ਦੁਹਰਾਉਂਦਾ ਸੀ ਕਿ "ਜੇ ਬਾਦਲ ਦੁਬਾਰਾ ਸੱਤਾ ਵਿੱਚ ਆ ਗਿਆ ਤਾਂ ਉਹ ਤੁਹਾਨੂੰ ਸਭ ਨੂੰ ਜ਼ਲੀਲ ਤਾਂ ਕਰੇਗਾ ਹੀ ,ਪਰ ਜੋ ਮੈਂ ਦੇਖ ਰਿਹਾ ਹਾਂ,ਜੇ ਅਜਿਹਾ ਵਾਪਰਿਆ ਤਾਂ ਪੰਜਾਬ ਦੀਆਂ ਹਵਾਵਾਂ ਵਿੱਚੋ ਵੀ ਸਿੱਖੀ ਦੀ ਖੁਸ਼ਬੂ ਖਤਮ ਹੋ ਜਾਵੇਗੀ" ।ਮੈਂ ਆਪਣੀ ਸਰਗਰਮੀ ਦੇ ਹਰ ਦੌਰ ਵਿੱਚ ਪੰਥਕ ਆਗੂਆਂ ਤੋਂ ਇਲਾਵਾ ਆਪਣੇ ਖਾੜਕੂ ਸਾਥੀਆਂ ਨੂੰ ਇਸ ਵਿਅਕਤੀ ਦੇ ਸਰੀਰਕ ਜਾਂ ਸਿਆਸੀ ਖਾਤਮੇ ਦੇ ਵਾਸਤੇ ਪਾਏ ,ਪਰ ਨਤੀਜਾ ਸਾਡੇ ਸਭ ਦੇ ਸਾਹਮਣੇ ਹੈ ।ਹੁਣ ਭਾਵੇਂ ਪੰਥ ਉਸਦੀ ਕਬਰ ਬਣਾ ਕੇ ਕੁੱਟੀ ਜਾਵੇ ,ਪਰ ਜੋ ਨੁਕਸਾਨ ਬਾਦਲ ਕਰ ਗਿਆ ,ਉਹਨਾਂ ਦੀ ਪੂਰਤੀ ਲਈ ਜਿਸ ਲੀਡਰਸ਼ਿਪ ਦੀ ਲੋੜ ਹੈ ,ਉਹ ਕਿਧਰੇ ਨਜ਼ਰ ਨਹੀਂ ਆਉਂਦੀ ।ਸਤਿਗੁਰ ਸੱਚੇ ਪਾਤਸ਼ਾਹ ਆਪਣੇ ਪੰਥ ਦੀ ਆਪ ਲਾਜ ਰੱਖਣਗੇ।

**-ਅਮਰੀਕ ਸਿੰਘ ਮੁਕਤਸਰ**

ਆਵਾਜ਼ਿ ਕੌਮ AWAZE QAUM International Newspaper & WEB TV

# ਆਰਐਸਐਸ-ਭਾਜਪਾ ਹੀ ਕਾਬਲੀਅਤ ਨੂੰ ਅਵਸਰ ਪ੍ਰਦਾਨ ਕਰਦਾ ਹੈ: ਪ੍ਰੋ. ਸਰਚਾਂਦ ਸਿੰਘ ਖਿਆਲਾ

**☛ ਦਿਗਵਿਜੈ ਸਿੰਘ ਵੱਲੋਂ ਮੋਦੀ-ਅਡਵਾਨੀ ਦੀ ਤਸਵੀਰ ਸਾਂਝੀ ਕਰਕੇ ਭਾਜਪਾ-ਆਰਐਸਐਸ ਸੰਗਠਨਾਤਮਕ ਤਾਕਤ ਦੀ ਤਾਰੀਫ਼ ਪਾਰਟੀ ਦਾ ਹਾਸਲ ☛ ਦਿਗਵਿਜੈ ਸਿੰਘ ਨੇ ਮੰਨਿਆ ਕਿ ਪਰਿਵਾਰਵਾਦ ਦਾ ਹਾਵੀ ਹੋਣਾ ਪ੍ਰਤਿਭਾ ਨੂੰ ਅਵਸਰ ਤੋਂ ਵਾਂਝਾ ਕਰਦਾ ਹੈ, ਜੋ ਕਾਂਗਰਸ ਦਾ ਦੁਖਾਂਤ ਹੈ**




ਅੰਮ੍ਰਿਤਸਰ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)- ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਹੈ ਕਿ ਕਾਂਗਰਸ ਦੇ ਤਜਰਬੇਕਾਰ ਅਤੇ ਸੀਨੀਅਰ ਨੇਤਾ ਦਿਗਵਿਜੈ ਸਿੰਘ ਵੱਲੋਂ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਅਤੇ ਭਾਜਪਾ ਦੀ ਸੰਗਠਨਾਤਮਕ ਤਾਕਤ ਦੀ ਸਰਵਜਨਕ ਤੌਰ 'ਤੇ ਕੀਤੀ ਗਈ ਪ੍ਰਸ਼ੰਸਾ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ ਕਿ ਕਾਂਗਰਸ ਹੁਣ ਨਾ ਸਿਰਫ਼ ਰਾਜਨੀਤਿਕ ਤੌਰ 'ਤੇ, ਸਗੋਂ ਵਿਚਾਰਧਾਰਕ ਤੌਰ 'ਤੇ ਵੀ ਆਪਣੀ ਹਾਰ ਸਵੀਕਾਰ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਭਾਰਤ ਲਈ ਸਭ ਤੋਂ ਵੱਡਾ ਖ਼ਤਰਾ ਵੰਸ਼ਵਾਦੀ ਰਾਜਨੀਤੀ ਤੋਂ ਹੈ, ਜੋ ਪਰਿਵਾਰਵਾਦ ਦੇ ਹਾਵੀ ਹੋਣ ਕਾਰਨ ਪ੍ਰਤਿਭਾ ਅਤੇ ਕਾਬਲੀਅਤ ਨੂੰ ਅਵਸਰ ਤੋਂ ਵਾਂਝਾ ਕਰ ਦਿੰਦੀ ਹੈ। ਦਿਗਵਿਜੈ ਸਿੰਘ ਵੱਲੋਂ ਭਾਜਪਾ ਦੀ ਕੀਤੀ ਗਈ ਤਾਰੀਫ਼ ਵਿੱਚ ਕਾਂਗਰਸ ਦੇ ਵੰਸ਼ਵਾਦੀ ਰਾਜਨੀਤੀ ਵਿੱਚ ਗ੍ਰਸੇ ਹੋਣ ਦਾ ਦਰਦ ਸਪਸ਼ਟ ਤੌਰ 'ਤੇ ਝਲਕਦਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਅੱਜ ਦੇਸ਼ ਦੀ ਰਾਜਨੀਤੀ ਵਿੱਚ ਜੋ ਭਰੋਸਾ, ਸਥਿਰਤਾ ਅਤੇ ਮਜ਼ਬੂਤ ਲੀਡਰਸ਼ਿਪ ਨਜ਼ਰ ਆ ਰਹੀ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਭਾਜਪਾ-ਆਰਐਸਐਸ ਦੇ ਮਜ਼ਬੂਤ ਸੰਗਠਨਾਤਮਕ ਢਾਂਚੇ ਦਾ ਨਤੀਜਾ ਹੈ। ਇਹ ਸਚਾਈ ਹੁਣ ਵਿਰੋਧੀ ਧਿਰ ਦੇ ਨੇਤਾ ਵੀ ਖੁੱਲ੍ਹੇ ਤੌਰ 'ਤੇ ਮੰਨਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਦਿਗਵਿਜੈ ਸਿੰਘ ਵੱਲੋਂ ਐਕਸ 'ਤੇ ਸਾਲ 1995 ਦੀ ਇੱਕ ਪੁਰਾਣੀ ਤਸਵੀਰ—ਜਿਸ ਵਿੱਚ ਨੌਜਵਾਨ ਨਰਿੰਦਰ ਮੋਦੀ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੇ ਚਰਨਾਂ ਕੋਲ ਬੈਠੇ ਨਜ਼ਰ ਆ ਰਹੇ ਹਨ—ਸਾਂਝੀ ਕਰਦੇ ਹੋਏ ਆਰਐਸਐਸ ਅਤੇ ਭਾਜਪਾ ਦੀ ਸੰਗਠਨਾਤਮਕ ਤਾਕਤ ਦੀ ਖੁੱਲ੍ਹ ਕੇ ਕੀਤੀ ਗਈ ਤਾਰੀਫ਼, ਅਸਲ ਵਿੱਚ ਭਾਰਤੀ ਰਾਜਨੀਤੀ ਅਤੇ ਭਾਜਪਾ ਦੇ ਇੱਕ ਅਟੱਲ ਸੱਚ ਦਾ ਪ੍ਰਗਟਾਵਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਦਿਗਵਿਜੈ ਸਿੰਘ ਨੇ ਇਹ ਮੰਨਿਆ ਹੈ ਕਿ ਕਿਵੇਂ ਇੱਕ ਆਮ ਜ਼ਮੀਨੀ ਪੱਧਰ ਦਾ ਸਵੈਮਸੇਵਕ—ਨਰਿੰਦਰ ਮੋਦੀ—ਜੋ ਕਦੇ ਸੀਨੀਅਰ ਨੇਤਾਵਾਂ ਦੇ ਚਰਨਾਂ ਵਿੱਚ ਫ਼ਰਸ਼ 'ਤੇ ਬੈਠਦਾ ਸੀ, ਸੰਗਠਨ, ਅਨੁਸ਼ਾਸਨ ਅਤੇ ਸਮਰਪਣ ਦੇ ਬਲ 'ਤੇ ਪਹਿਲਾਂ ਇੱਕ ਰਾਜ ਦਾ ਮੁੱਖ ਮੰਤਰੀ ਅਤੇ ਫਿਰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਇਹ ਸਿਰਫ਼ ਕਿਸੇ ਇੱਕ ਵਿਅਕਤੀ ਦੀ ਯਾਤਰਾ ਨਹੀਂ, ਸਗੋਂ ਆਰਐਸਐਸ-ਭਾਜਪਾ ਦੀ ਉਸ ਸੰਸਕਾਰ ਅਤੇ ਸੰਗਠਨਾਤਮਕ ਪ੍ਰਣਾਲੀ ਦੀ ਜਿੱਤ ਹੈ, ਜੋ ਕਾਬਲੀਅਤ ਨੂੰ ਅਵਸਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਆਰਐਸਐਸ-ਭਾਜਪਾ ਦੀ ਮਜ਼ਬੂਤੀ ਦਾ ਮੂਲ ਕਾਰਨ ਇਸ ਦਾ ਜ਼ਮੀਨ ਨਾਲ ਜੁੜਿਆ ਹੋਣਾ, ਸਮਾਜਕ ਤੌਰ 'ਤੇ ਜਵਾਬਦੇਹੀ ਅਤੇ ਰਾਸ਼ਟਰ-ਨਿਰਮਾਣ ਦੀ ਸੋਚ ਨਾਲ ਕੰਮ ਕਰਨਾ ਹੈ। ਇਹ ਤਾਕਤ ਅਨੁਸ਼ਾਸਨ, ਸਮਰਪਣ, ਸੇਵਾ-ਭਾਵ ਅਤੇ ਦੇਸ਼ ਪ੍ਰਤੀ ਨਿਭਾਅ ਦੀ ਲਗਾਤਾਰ ਪ੍ਰਕਿਰਿਆ ਦਾ ਨਤੀਜਾ ਹੈ। ਦਹਾਕਿਆਂ ਤੋਂ ਦੋਵੇਂ ਸੰਗਠਨ ਦੇਸ਼ ਸੇਵਾ ਅਤੇ ਸਮਾਜਕ ਸਮਰਪਣ ਦੇ ਮੂਲ ਸਿਧਾਂਤਾਂ 'ਤੇ ਖੜ੍ਹੇ ਹਨ। ਪ੍ਰੋ. ਖਿਆਲਾ ਨੇ ਕਿਹਾ ਕਿ ਭਾਜਪਾ ਅਤੇ ਆਰਐਸਐਸ ਦੀ ਪ੍ਰਣਾਲੀ ਆਮ ਵਰਕਰ ਨੂੰ ਵੀ ਰਾਸ਼ਟਰੀ ਲੀਡਰਸ਼ਿਪ ਤੱਕ ਲੈ ਜਾਣ ਦੀ ਸਮਰੱਥਾ ਰੱਖਦੀ ਹੈ। ਇਸੇ ਕਾਰਨ ਅੱਜ ਦੇਸ਼ ਦੀ ਜਨਤਾ ਭਰੋਸੇ, ਸਥਿਰਤਾ ਅਤੇ ਮਜ਼ਬੂਤ ਲੀਡਰਸ਼ਿਪ ਲਈ ਭਾਜਪਾ ਨਾਲ ਖੜ੍ਹੀ ਹੈ। ਇਸ ਦੇ ਵਿਪਰੀਤ, ਕਾਂਗਰਸ ਵਿੱਚ ਸੰਗਠਨ ਤੋਂ ਵੱਧ ਪਰਿਵਾਰਕ ਰਾਜਨੀਤੀ ਹਾਵੀ ਹੈ, ਜਿੱਥੇ ਆਮ ਕਾਰਕੁਨ ਲਈ ਉਚਾਈਆਂ ਤੱਕ ਪਹੁੰਚਣ ਦੇ ਰਸਤੇ ਸੀਮਿਤ ਹਨ। ਉਨ੍ਹਾਂ ਕਿਹਾ ਕਿ ਦਿਗਵਿਜੈ ਸਿੰਘ ਨੇ ਨਾ ਸਿਰਫ਼ ਕਾਂਗਰਸ ਦੀ ਭਾਜਪਾ ਅਤੇ ਆਰਐਸਐਸ ਨੂੰ ਬਿਲਾਵਜ੍ਹਾ ਕੋਸਣ ਵਾਲੀ ਭੈੜੀ ਰਾਜਨੀਤੀ ਨੂੰ ਬੇਨਕਾਬ ਕੀਤਾ ਹੈ, ਸਗੋਂ ਕਾਂਗਰਸ ਦੀ ਅੰਦਰੂਨੀ ਕਮਜ਼ੋਰੀ, ਵਿਚਾਰਧਾਰਕ ਭਟਕਣ, ਕਲੇਸ਼ ਅਤੇ ਸੰਗਠਨਾਤਮਕ ਨਾਕਾਮੀ ਨੂੰ ਵੀ ਉਜਾਗਰ ਕੀਤਾ ਹੈ। ਅਸਲ ਵਿੱਚ ਕਾਂਗਰਸ ਅੱਜ ਨਾ ਤਾਂ ਕਿਸੇ ਸਪਸ਼ਟ ਵਿਚਾਰਧਾਰਾ ਨਾਲ ਜੁੜੀ ਹੋਈ ਹੈ ਅਤੇ ਨਾ ਹੀ ਕੋਈ ਦਿਸ਼ਾ ਰੱਖਦੀ ਹੈ। ਇਹ ਸਿਰਫ਼ ਪਰਿਵਾਰਕ ਰਾਜਨੀਤੀ, ਮੌਕਾਪ੍ਰਸਤ ਗੱਠਜੋੜਾਂ ਅਤੇ ਨਕਾਰਾਤਮਿਕ ਰਾਜਨੀਤੀ 'ਤੇ ਆਧਾਰਿਤ ਪਾਰਟੀ ਬਣ ਕੇ ਰਹਿ ਗਈ ਹੈ। ਕਾਂਗਰਸ ਦੀ ਕਮਜ਼ੋਰੀ ਉਸ ਦੀ ਅੰਦਰੂਨੀ ਉਲਝਣ ਅਤੇ ਦਿਸ਼ਾਹੀਣਤਾ ਹੈ, ਜਿਸ ਨੂੰ ਹੁਣ ਉਸ ਦੇ ਆਪਣੇ ਸੀਨੀਅਰ ਨੇਤਾ ਵੀ ਮੰਨਣ ਲੱਗ ਪਏ ਹਨ।



## ਵਿਚਾਰ ਆਪੋ-ਆਪਣਾ

ਆਵਾਜ਼ਿ ਕੌਮ AWAZE QAUM International Newspaper & WEB TV



### ਐਸ.ਜੀ.ਪੀ.ਸੀ 328 ਸਰੂਪਾਂ ਦੇ ਮਸਲੇ 'ਤੇ

# ਦੋਸ਼ੀਆਂ ਨੂੰ ਬਚਾਉਣ ਦੀ ਬਜਾਏ ਸਰਕਾਰ ਨਾਲ ਸਹਿਯੋਗ ਕਰੇ-ਸਿੱਖ ਜਥੇਬੰਦੀਆਂ

ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ) :— ਸਿੱਖ ਕੌਮ ਦੀਆਂ ਵੱਖ—ਵੱਖ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗੁੰਮ ਹੋਣ ਦੇ ਗੰਭੀਰ ਮਸਲੇ 'ਤੇ ਗਹਿਰੀ ਚਿੰਤਾ ਜ਼ਾਹਰ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ) ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ 'ਚ ਰਾਜਨੀਤੀ ਕਰਨ ਦੀ ਬਜਾਏ ਦੋਸ਼ੀਆਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਖ਼ਿਲਾਫ਼ ਕਾਰਵਾਈ ਲਈ ਪੰਜਾਬ ਸਰਕਾਰ ਦਾ ਪੂਰਾ ਸਹਿਯੋਗ ਦੇਵੇ।

ਗੱਲਬਾਤ ਕਰਦਿਆਂ ਬਾਬਾ ਅਵਤਾਰ ਸਿੰਘ ਸਾਧਾਂ ਵਾਲਾ ਨੇ ਕਿਹਾ ਕਿ ਜਦੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਪਾਵਨ ਸਰੂਪ ਦੇ ਅੰਗ ਗਲੀਆਂ ਵਿੱਚ ਖਿਲਾਰੇ ਜਾਣ ਦੀ ਦਰਦਨਾਕ ਘਟਨਾ ਨੇ ਸੰਸਾਰ ਭਰ ਦੀ ਸਿੱਖ ਸੰਗਤ ਨੂੰ ਝੰਝੋੜ ਕੇ ਰੱਖ ਦਿੱਤਾ ਸੀ, ਤਾਂ ਫਿਰ 328 ਪਾਵਨ ਸਰੂਪਾਂ ਦੇ ਗੁੰਮ ਹੋਣ ਵਰਗੇ ਅਤਿ ਗੰਭੀਰ ਮਸਲੇ 'ਤੇ ਹੋ ਰਹੀ ਕਾਨੂੰਨੀ ਕਾਰਵਾਈ ਦਾ ਐਸ.ਜੀ.ਪੀ.ਸੀ ਵੱਲੋਂ ਵਿਰੋਧ ਸਮਝ ਤੋਂ ਪਰੇ ਹੈ। ਆਗੂਆਂ ਨੇ ਸਪਸ਼ਟ ਕੀਤਾ ਕਿ ਗੁਰੂ ਸਾਹਿਬ ਨਾਲ ਜੁੜੇ ਮਸਲਿਆਂ 'ਤੇ ਕਿਸੇ ਵੀ ਤਰ੍ਹਾਂ ਦੀ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਆੜ ਹੇਠ ਦੋਸ਼ੀਆਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਵੀ ਕਦੇ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਦੋਸ਼ ਲਗਾਇਆ ਕਿ ਐਸ.ਜੀ.ਪੀ.ਸੀ ਵੱਲੋਂ ਵੱਖ—ਵੱਖ ਗੁਰੂ ਘਰਾਂ ਅਤੇ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰਕੇ ਪੰਜਾਬ ਸਰਕਾਰ ਵੱਲੋਂ 328 ਸਰੂਪਾਂ ਦੇ ਮਸਲੇ 'ਚ ਦਰਜ ਕੀਤੀ ਗਈ ਐਫ.ਆਈ.ਆਰ ਸਬੰਧੀ ਸਿੱਖ ਸੰਗਤਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਸਰਕਾਰ ਧਾਰਮਿਕ ਮਸਲਿਆਂ ਵਿੱਚ ਦਖ਼ਲ ਦੇ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਐਸ.ਜੀ.ਪੀ.ਸੀ ਇਹ ਸਪੱਸ਼ਟ ਕਰੇ ਕਿ ਆਖ਼ਿਰ 328 ਪਾਵਨ ਸਰੂਪ ਕਿੱਥੇ ਗਏ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਕਿਸ 'ਤੇ ਬਣਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਧਾਰਮਿਕ ਜਥੇਬੰਦੀਆਂ ਦੀ ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਬਾਬਾ ਅਵਤਾਰ ਸਿੰਘ ਸਾਧਾਂ ਵਾਲਾ ਤੇ ਸਾਥੀਆਂ ਨੇ ਸਵਾਲ ਉਠਾਇਆ ਕਿ ਗੁੰਮਸ਼ੁਦਾ ਸਰੂਪਾਂ ਦੇ ਮਸਲੇ 'ਤੇ ਮੰਗ ਪੱਤਰ ਰਾਹੀਂ ਇਨਸਾਫ਼ ਦੀ ਮੰਗ ਕਰਨ ਵਾਲੀਆਂ ਸਿੱਖ ਸੰਗਤਾਂ 'ਤੇ ਟਾਸਕ ਫੋਰਸ ਵੱਲੋਂ ਕੀਤੇ ਗਏ ਹਮਲੇ ਕਿਸ ਦੇ ਇਸ਼ਾਰੇ 'ਤੇ ਕਰਵਾਏ ਗਏ ਅਤੇ ਲਗਭਗ ਪੰਜ ਸਾਲਾਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਚੱਲ ਰਹੇ ਸ਼ਾਂਤਮਈ ਮੋਰਚੇ ਨੂੰ ਤਸੱਲੀਬਖ਼ਸ਼ ਜਵਾਬ ਦੇ ਕੇ ਖ਼ਤਮ ਕਰਨ ਤੋਂ ਕਿਸ ਨੇ ਰੋਕਿਆ। ਉਨ੍ਹਾਂ ਕਿਹਾ ਕਿ ਮਿਆਦ ਪੂਰੀ ਕਰ ਚੁੱਕੀ ਐਸ.ਜੀ.ਪੀ.ਸੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਪਏ। ਆਗੂਆਂ ਅਨੁਸਾਰ ਆਮ ਸਿੱਖ ਸੰਗਤ ਸਰਕਾਰ ਦੀ ਕਾਰਵਾਈ ਦੀ ਸ਼ਲਾਘਾ ਕਰ ਰਹੀ ਹੈ, ਪਰ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਦੋਸ਼ੀਆਂ ਨੂੰ ਬਚਾਉਣ ਲਈ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰ ਰਹੀ ਹੈ।

## ਇੱਕ ਨਜ਼ਰ ...




## ਸਿੱਖਾਂ ਨੇ ਲੰਡਨ ਵਿਚ ਬੰਗਲਾਦੇਸ਼ ਐਂਬੇਸੀ ਮੂਹਰੇ ਪ੍ਰਦਰਸ਼ਨ ਕਰ ਰਹੇ ਭਾਰਤੀਆਂ ਦਾ ਵਿਰੋਧ ਕਰ ਪਿੱਛੇ ਹੱਟਣ ਨੂੰ ਕੀਤਾ ਮਜਬੂਰ

ਨਵੀਂ ਦਿੱਲੀ 28 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਬੀਤੇ ਸਮੇਂ ਵਿਚ ਹਿੰਦੂਤਵ ਮੋਦੀ ਹਕੂਮਤ ਵਲੋਂ ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਖੰਡਾ ਬਰਤਾਨੀਆ, ਭਾਈ ਪਰਮਜੀਤ ਸਿੰਘ ਪੰਜਵੜ ਤੇ ਭਾਈ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੇ ਕਤਲ ਕਰਵਾਏ ਗਏ ਹਨ ਅਤੇ ਅਮਰੀਕਨ ਨਾਗਰਿਕ ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸਿਸ ਕੀਤੀ ਗਈ ਹੈ । ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਐਸਐਫਜੇ ਦੇ ਕੋਆਰਡੀਨੇਟਰ ਭਾਈ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਜਦੋ ਕੋਈ ਸਟੇਟ ਜਾਂ ਏਜੰਸੀ ਵੱਲੋ ਕਿਸੇ ਇਕ ਫਿਰਕੇ ਨੂੰ ਨਿਸ਼ਾਨਾਂ ਬਣਾਕੇ ਜ਼ਬਰ ਤੇ ਕਤਲੇਆਮ ਕੀਤਾ ਜਾਂਦਾ ਹੈ ਤਾਂ ਅਜਿਹੀ ਦੋਸ਼ਪੂਰਨ ਪ੍ਰਣਾਲੀ ਜਾਂ ਪ੍ਰਬੰਧ ਵਿਰੁੱਧ ਰੋਹ ਤੇ ਬਗਾਵਤ ਉੱਠਣੀ ਕੁਦਰਤੀ ਹੈ ।ਐਸਐਫਜੇ ਦੇ ਕੋਆਰਡੀਨੇਟਰ ਭਾਈ ਪਰਮਜੀਤ ਸਿੰਘ ਪੰਮਾ ਅਤੇ ਹੋਰ ਆਜ਼ਾਦੀਪਸੰਦ ਸਿੱਖ, ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਹੱਤਿਆ ਨਾਲ ਜੁੜੇ ਇੱਕ ਪ੍ਰਦਰਸ਼ਨ ਦੌਰਾਨ ਬੰਗਲਾਦੇਸ਼ ਦੂਤਾਵਾਸ ਦੇ ਬਾਹਰ ਭਾਰਤ-ਯੂਕੇ ਹਿੰਦੂ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਦਾ ਸਾਹਮਣਾ ਕਰ ਰਹੇ ਸਨ। ਇੱਕ ਭਾਰਤੀ ਪ੍ਰਦਰਸ਼ਨਕਾਰੀ ਅਤੇ ਭਾਈ ਪੰਮਾ ਵਿਚਕਾਰ ਇੱਕ ਛੋਟੀ ਜਿਹੀ ਝੜਪ ਹੋਈ ਜਿਸ ਨੂੰ ਦੇਖਦਿਆਂ ਹੀ ਯੂਕੇ ਪੁਲਿਸ ਨੇ ਤੁਰੰਤ ਦਖਲ ਦਿੱਤਾ, ਸਮੂਹਾਂ ਨੂੰ ਵੱਖ ਕੀਤਾ, ਅਤੇ ਵਿਵਸਥਾ ਬਹਾਲ ਕੀਤੀ। ਭਾਈ ਪੰਮਾ ਨੇ ਕਿਹਾ ਅਸੀਂ ਪ੍ਰਦਰਸ਼ਨ ਰਾਹੀਂ ਸੰਸਾਰ ਨੂੰ ਦਸਿਆ ਕਿ ਭਾਵੇਂ ਬੰਗਲਾਦੇਸ਼ ਵਿਚ ਉਸਮਾਨ ਹਾਦੀ ਦਾ ਹੋਇਆ ਕਤਲ ਜਾ ਫਿਰ ਵਿਦੇਸ਼ਾਂ ਵਿਚ ਹੋ ਰਹੇ ਸਿੱਖਾਂ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਪਿੱਛੇ ਹਿੰਦ ਸਰਕਾਰ ਦਾ ਹੱਥ ਹੈ ਜਿਸ ਬਾਰੇ ਸਮੇਂ ਸਮੇਂ ਤੇ ਵੱਖ ਵੱਖ ਦੇਸ਼ਾਂ ਦੀਆਂ ਅਖਬਾਰਾਂ ਵਿਚ ਕੀਤੇ ਗਏ ਕਤਲਾਂ ਦੀਆਂ ਸਾਜ਼ਿਸ਼ਾ ਸੁਰਖੀਆਂ ਬਣਦੀਆਂ ਰਹੀਆਂ ਹਨ ਤੇ ਕੈਨੇਡਾ ਦੇ ਸਾਬਕਾ ਪੀਐਮ ਜਸਟਿਨ ਟਰੂਡੋ ਨੇ ਵੀ ਇਸ ਗੱਲ ਨੂੰ ਸੰਸਦ ਵਿਚ ਸਵੀਕਾਰ ਕੀਤਾ ਸੀ । ਉਨ੍ਹਾਂ ਕਿਹਾ ਇਹ ਪੈਟਰਨ ਮੋਦੀ ਸਾਸ਼ਨ ਦੇ ਕਈ ਦੇਸ਼ਾਂ ਅੰਦਰ ਕੀਤੀ ਜਾ ਰਹੀ ਪ੍ਰਭੂਸਤਾ ਦੀ ਉਲੰਘਣਾ ਕਰਦਿਆਂ ਉਨ੍ਹਾਂ ਦੀ ਪ੍ਰਭੂਸਤਾ ਉਪਰ ਹਮਲਾ ਹੈ ਤੇ ਇੰਨ੍ਹਾ ਦਾ ਉਦੇਸ਼ ਘੱਟ ਗਿਣਤੀਆਂ ਉਪਰ ਕੀਤੇ ਜਾ ਰਹੇ ਦਮਨ ਦੁਆਰਾ ਅਸਹਿਮਤੀ ਨੂੰ ਚੁੱਪ ਕਰਵਾਉਣਾ ਹੈ ਜੋ ਕਿ ਸਵੀਕਾਰ ਕਰਣ ਯੋਗ ਨਹੀਂ ਹੈ । ਭਾਰਤ ਵਲੋਂ ਇੰਨ੍ਹਾ ਦੋਸ਼ਾਂ ਨੂੰ ਨਕਾਰਿਆ ਜਾਂਦਾ ਰਿਹਾ ਹੈ ।

## ਥਾਇਰਾਇਡ ਰੋਗ ਦੇ ਲੱਛਣਾਂ ਨੂੰ ਸਮੇਂ ਸਿਰ ਪਛਾਣੋ: ਡਾ. ਰੰਧਾਵਾ



ਚੌਕ ਮਹਿਤਾ 28ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਥਾਇਰਾਇਡ ਗ੍ਰੰਥੀ, ਜਿਸਨੂੰ ਗੋਇਟਰ ਵੀ ਕਿਹਾ ਜਾਂਦਾ ਹੈ, ਸਾਹ ਦੀ ਨਾਲੀ ਵਿੱਚ ਅਤੇ ਵੋਕਲ ਕੋਰਡਜ਼ ਦੇ ਦੋ ਹਿੱਸਿਆਂ ਦੇ ਵਿਚਕਾਰ ਸਥਿਤ ਹੁੰਦੀ ਹੈ। ਇਹ ਗ੍ਰੰਥੀ ਥਾਇਰੋਕਸਿਨ ਨਾਮਕ ਹਾਰਮੋਨ ਪੈਦਾ ਕਰਦੀ ਹੈ। ਇਸ ਬਿਮਾਰੀ ਨੂੰ ਨਜ਼ਰਅੰਦਾਜ਼ ਕਰਨਾ ਨੁਕਸਾਨਦੇਹ ਹੋ ਸਕਦਾ ਹੈ। ਇਹ ਗੱਲ ਈਐਨਟੀ ਸਰਜਨ ਡਾ. ਰਾਜਬਰਿੰਦਰ ਸਿੰਘ ਰੰਧਾਵਾ ਨੇ ਕਹੀ। ਪਾਵਰ ਸਟੇਸ਼ਨ (ਅੰਮ੍ਰਿਤਸਰ ਰੋਡ) ਦੇ ਸਾਹਮਣੇ ਸਥਿਤ ਰੰਧਾਵਾ ਕਲੀਨਿਕ ਵਿਖੇ ਮਰੀਜ਼ਾਂ ਦੀ ਜਾਂਚ ਕਰਦੇ ਹੋਏ, ਡਾ. ਰੰਧਾਵਾ ਨੇ ਕਿਹਾ ਕਿ ਥਾਇਰਾਇਡ ਰੋਗ ਦੋ ਤਰ੍ਹਾਂ ਦੇ ਹੁੰਦੇ ਹਨ: ਹਾਈਪੋਥਾਈਰੋਡਿਜ਼ਮ ਅਤੇ ਹਾਈਪੋਥਾਈਰੋਡਿਜ਼ਮ। ਹਾਈਪੋਥਾਈਰੋਡਿਜ਼ਮ ਭਾਰ ਵਧਣ, ਥਕਾਵਟ, ਡਿਪਰੈਸ਼ਨ, ਚਿੜਚਿੜਾਪਨ, ਕਬਜ਼, ਖੁਸ਼ਕ ਚਮੜੀ, ਮਾਹਵਾਰੀ ਦਾ ਕਾਰਨ ਬਣ ਸਕਦਾ ਹੈ ਔਰਤਾਂ ਵਿੱਚ ਸਮੱਸਿਆਵਾਂ, ਦਿਲ ਦੀ ਧੜਕਣ ਹੌਲੀ ਹੋਣਾ, ਪਸੀਨਾ ਘੱਟ ਆਉਣਾ ਅਤੇ ਚਿਹਰੇ ਦੀ ਸੋਜ। ਹਾਈਪਰਥਾਈਰੋਡਿਜ਼ਮ ਬਹੁਤ ਜ਼ਿਆਦਾ ਪਸੀਨਾ ਆਉਣਾ, ਬਹੁਤ ਗਰਮੀ ਮਹਿਸੂਸ ਕਰਨਾ, ਅੱਖਾਂ ਫੁੱਲਣੀਆਂ, ਔਰਤਾਂ ਵਿੱਚ ਮਰਦਾਂ-ਜਣੇਪੇ ਦੀਆਂ ਸਮੱਸਿਆਵਾਂ, ਤੇਜ਼ ਦਿਲ ਦੀ ਧੜਕਣ, ਲਾਲ ਚਮੜੀ, ਸਾਹ ਲੈਣ ਵਿੱਚ ਮੁਸ਼ਕਲ ਅਤੇ ਕੰਬਦੇ ਹੱਥ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਇਹ ਲੱਛਣ ਦਿਖਾਈ ਦਿੰਦੇ ਹਨ, ਤਾਂ ਉਸਨੂੰ ਤੁਰੰਤ ਮਾਹਿਰ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਅਤੇ ਇਲਾਜ ਸ਼ੁਰੂ ਕਰਨਾ ਚਾਹੀਦਾ ਹੈ।

## ਤਨ ਸ਼ਰਮਾ ਮਲੂਕਾ ਭਾਜਪਾ ਦੇ ਜਿਲ੍ਹਾ ਮੀਡੀਆ ਕੰਨਵੀਨਰ ਨਿਯੁਕਤ , ਸੋਢੀ ਤੇ ਮਲੂਕਾ ਨੇ ਕੀਤਾ ਸਨਮਾਨਿਤ

ਬਠਿੰਡਾ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)--ਭਾਜਪਾ ਦੇ ਸੂਬਾ ਜਰਨਲ ਸਕੱਤਰ ਦਿਆਲ ਸੋਢੀ ਅਤੇ ਜਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਦੀ ਅਗਵਾਈ ਚ ਜਿਲ੍ਹਾ ਬਠਿੰਡਾ ਦਿਹਾਤੀ ਦੀ ਜਥੇਬੰਦੀ ਦਾ ਵਿਸਥਾਰ ਕਰਦਿਆਂ ਨਵੇਂ ਅਹੁਦੇਦਾਰਾਂ ਦੀ ਸੂਚੀ ਜਾਰੀ ਕੀਤੀ ਗਈ ਉਕਤ ਭਾਜਪਾ ਆਗੂਆਂ ਵੱਲੋਂ ਰਤਨ ਸ਼ਰਮਾ ਮਲੂਕਾ ਨੂੰ ਜਿਲ੍ਹਾ ਮੀਡੀਆ ਕੰਨਵੀਨਰ ਨਿਯੁਕਤ ਕੀਤਾ ਗਿਆ ਹੈ ਜ਼ਿਕਰ ਯੋਗ ਹੈ ਕੇ ਇਸ ਤੋਂ ਪਹਿਲਾਂ ਰਤਨ ਸ਼ਰਮਾ ਮਲੂਕਾ ਲੰਮਾ ਸਮਾਂ ਯੂਥ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ ਚ ਜਿਲ੍ਹਾ ਪ੍ਰੈਸ ਸਕੱਤਰ ਵੱਜੋ ਸੇਵਾਵਾਂ ਨਿਭਾਉਂਦੇ ਰਹੇ ਸਨ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਗੁਰਪ੍ਰੀਤ ਸਿੰਘ ਮਲੂਕਾ ਅਤੇ ਸੇਵਾ ਮੁਕਤ ਆਈ ਏ ਐਸ ਪਰਮਪਾਲ ਕੌਰ ਸਿੱਧੂ ਦੇ ਭਾਜਪਾ ਚ ਸ਼ਮੂਲੀਅਤ ਕਰਨ ਤੋਂ ਬਾਅਦ ਰਤਨ ਸ਼ਰਮਾਂ ਮਲੂਕਾ ਨੇ ਵੀ ਅਕਾਲੀ ਦਲ ਦੇ ਜਿਲ੍ਹਾ ਪ੍ਰੈਸ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਤੇ ਭਾਜਪਾ ਚ ਸ਼ਾਮਿਲ ਹੋ ਗਏ ਸਨ ਉਨ੍ਹਾਂ ਅੱਜ ਆਪਣੀ ਨਿੱਯੁਕਤੀ ਲਈ ਸੂਬਾ ਪ੍ਰਧਾਨ ਸੁਨੀਲ ਜਾਖੜ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਸੂਬਾ ਸਕੱਤਰ ਦਿਆਲ ਸੋਢੀ ਲੋਕ ਸਭਾ ਹਲਕਾ ਬਠਿੰਡਾ ਦੇ ਕਨਵੀਨਰ ਪਰਮਪਾਲ ਕੌਰ ਸਿੱਧੂ ਅਤੇ ਜਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਦਾ ਧੰਨਵਾਦ ਕੀਤਾ ਉਨ੍ਹਾਂ ਕਿਹਾ ਕੇ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ੁੰਮੇਵਾਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।





ਦਸਮੇਸ ਪਿਤਾ , ਅਮ੍ਰਿਤ ਦੇ ਦਾਨੀ, ਸਰਬੰਸਦਾਨੀ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋ ਵਰਸੋਈ ਹੋਈ ਦਮਦਮੀ ਟਕਸਾਲ ਚੌਕ ਮਹਿਤਾ ਦੇ 16 ਦੇ ਮੁੱਖੀ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਸੰਤ ਸਮਾਜ ਦੇ ਪ੍ਰਧਾਨ ਨੂੰ 21 ਸਾਲਾ ਦਸਤਾਰ ਬੰਦੀ ਦੀਆਂ ਸਮੂਹ ਦੇਸ਼ਾਂ ਵਿਦੇਸ਼ਾ ਅਤੇ ਦਮਦਮੀ ਟਕਸਾਲ ਜਥੇਬੰਦੀ ਦੇ ਸਿੰਘਾ ਵੱਲੋਂ ਲੱਖ ਲੱਖ ਵਧਾਈਆਂ ਹੋਣ ਜੀ।

ਵੱਲੋਂ: ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ


## ਬਾਬਾ ਮੋਤੀ ਰਾਮ ਮਹਿਰਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਕੇ ਗੁਰਮਤਿ ਸਮਾਗਮ ਕਰਵਾਇਆ






ਤਲਵੰਡੀ ਸਾਬੋ, 28 ਦਸੰਬਰ (ਗੁਰਜੰਟ ਸਿੰਘ ਨਥੇਹਾ)- ਸਮੁੱਚੇ ਸਿੱਖ ਜਗਤ 'ਚ ਜਿੱਥੇ ਦਸਮੇਸ਼ ਪਿਤਾ ਦੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਮਨਾਏ ਜਾ ਰਹੇ ਹਨ ਉੱਥੇ ਇਤਿਹਾਸਿਕ ਨਗਰ ਤਲਵੰਡੀ ਸਾਬੋ ਦੀ ਬਾਬਾ ਮੋਤੀ ਮਹਿਰਾ ਸਿੱਖ ਬਰਾਦਰੀ ਸੋਸਾਇਟੀ (ਰਜਿ:) ਵੱਲੋਂ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਚ ਕੈਦ ਸਮੇਂ ਗਰਮ ਦੁੱਧ ਛਕਾਉਣ ਵਾਲੇ ਗੁਰੂ ਦੇ ਮਹਾਨ ਸਿੱਖ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਅੱਜ ਬਾਬਾ ਮੋਤੀ ਮਹਿਰਾ ਧਰਮਸ਼ਾਲਾ ਵਿਖੇ ਸਭ ਤੋਂ ਪਹਿਲਾਂ ਬੀਤੇ ਤਿੰਨ ਦਿਨਾਂ ਤੋਂ ਪ੍ਰਕਾਸ਼ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਤਖਤ ਸ੍ਰੀ ਦਮਦਮਾ ਸਾਹਿਬ ਦੇ ਰਾਗੀ ਭਾਈ ਅੰਮ੍ਰਿਤਪਾਲ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ ਜਦੋਂਕਿ ਗੁਰਦੁਆਰਾ ਮੰਜੀ ਸਾਹਿਬ (ਪਾ:9ਵੀਂ) ਦੇ ਮੁੱਖ ਸੇਵਾਦਾਰ ਬਾਬਾ ਗਿਆਨ ਸਿੰਘ ਨੇ ਅਰਦਾਸ ਕੀਤੀ ਤੇ ਅਰਦਾਸ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਕਥਾਵਾਚਕ ਗਿਆਨੀ ਜਗਤਾਰ ਸਿੰਘ ਕੀਰਤਪੁਰੀ ਨੇ ਮਾਤਾ ਗੁਜ਼ਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਠੰਢੇ ਬੁਰਜ ਚ ਕੈਦ ਸਮੇਂ ਬਾਬਾ ਮੋਤੀ ਰਾਮ ਮਹਿਰਾ ਵੱਲੋਂ ਉਨਾਂ ਨੂੰ ਗਰਮ ਦੁੱਧ ਛਕਾਉਣ ਦੇ ਵਿਰਤਾਂਤ ਨੂੰ ਇਤਿਹਾਸਿਕ ਸ੍ਰੋਤਾਂ ਦੇ ਹਵਾਲੇ ਨਾਲ ਸੰਗਤਾਂ ਨਾਲ ਸਾਂਝਾ ਕੀਤਾ।ਦੁੱਧ ਛਕਾਉਣ ਬਦਲੇ ਬਾਬਾ ਮੋਤੀ ਰਾਮ ਮਹਿਰਾ ਦੇ ਪਰਿਵਾਰ ਨੂੰ ਜੋ ਲਾਸਾਨੀ ਸ਼ਹਾਦਤਾਂ ਦੇਣੀਆਂ ਪਈਆਂ ਉਸ ਬਾਰੇ ਵੀ ਸੰਗਤਾਂ ਨੂੰ ਜਾਣੂੰ ਕਰਵਾਉਦਿਆਂ ਬਾਬਾ ਮੋਤੀ ਰਾਮ ਜੀ ਵੱਲੋਂ ਪਾਏ ਪੂਰਨਿਆਂ ਤੇ ਚੱਲਣ ਦੀ ਅਪੀਲ ਕੀਤੀ ਗਈ।ਭਾਈ ਜਗਤਾਰ ਸਿੰਘ ਨੇ ਬਾਬਾ ਜੀ ਦੇ ਨਾਮ ਤੇ ਬਣੀ ਸੋਸਾਇਟੀ ਵੱਲੋਂ ਹਰ ਸਾਲ੍ਹ ਗੁਰਮਤਿ ਸਮਾਗਮ ਕਰਵਾਉਣ ਦੀ ਵੀ ਸ਼ਲਾਘਾ ਕੀਤੀ।ਉੱਧਰ ਸੋਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਤੇ ਸਕੱਤਰ ਦਰਸ਼ਨ ਸਿੰਘ ਵੱਲੋਂ ਪੁੱਜੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ,ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਗੁਰਬਾਜ਼ ਸਿੰਘ ਸਿੱਧੂ, ਨਗਰ ਕੌਂਸਲ ਪ੍ਰਧਾਨ ਕੁਲਵੀਰ ਕੌਰ ਵੱਲੋਂ ਉਨਾਂ ਦੇ ਪਤੀ ਗੁਰਜੰਟ ਸਿੰਘ ਸਰਾਂ, ਰਵੀ ਕੁਮਾਰ ਕੋਕੀ ਤੇ ਸੁਖਦੇਵ ਸਿੰਘ ਦੋਵੇਂ ਕੌਂਸਲਰ, ਹਰਬੰਸ ਸਿੰਘ ਸਾਬਕਾ ਕਾ.ਪ੍ਰਧਾਨ ਨਗਰ ਕੌਂਸਲ, ਸੋਸਾਇਟੀ ਆਗੂ ਤੇਜਿੰਦਰ ਸਿੰਘ, ਗੁਰਸੇਵਕ ਸਿੰਘ, ਬਲਵਿੰਦਰ ਸਿੰਘ, ਜਰਨੈਲ ਪੱਪੀ, ਕਾਕਾ ਸਿੰਘ, ਅਕਾਲੀ ਆਗੂ ਹਰਤਾਬਲ ਸਿੰਘ ਸੁੱਖੀ, ਬਸਪਾ ਆਗੂ ਜੀਤ ਸਿੰਘ ਟੀ.ਟੀ.,ਕਾਂਗਰਸੀ ਆਗੂ ਪ੍ਰਕਾਸ਼ ਸਿੰਘ ਬਿੱਟੂ, ਕ੍ਰਿਸ਼ਨ ਯਾਦਵ, ਜਗਦੀਪ ਸਿੰਘ ਗੋਦਾਰਾ, ਕੁਲਦੀਪ ਰਾਇਲ, ਦਮਦਮਾ ਸਾਹਿਬ ਪ੍ਰੈੱਸ ਕਲੱਬ ਦੇ ਸਰਪ੍ਰਸਤ ਰਣਜੀਤ ਸਿੰਘ ਰਾਜੂ ਆਦਿ ਨੇ ਹਾਜ਼ਰੀ ਭਰੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਆਵਾਜ਼ਿ ਕੌਮ AWAZE QAUM

# ਇੱਕ ਨਜ਼ਰ ...



## ਪਿੰਡ ਚੰਨਣਕੇ ਤੋਂ ਸੂਰੋ ਪੱਡਾ ਸੜਕ ਵਿੱਚ ਬਹੁਤ ਵੱਡੇ ਵੱਡੇ ਡੂੰਘੇ ਟੋਏ ਨੌਜਵਾਨਾਂ ਨੇ ਪੂਰੇ

ਚੌਕ ਮਹਿਤਾ, 28 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)- ਪਿੰਡ ਚੰਨਣਕੇ ਤੋਂ ਸੂਰੋ ਪੱਡਾ ਦੀ ਸੜਕ ਵੱਲ ਕਿਸੇ ਸਰਕਾਰ ਦਾ ਧਿਆਨ ਨਹੀਂ ਇਹ ਬਹੁਤ ਸਾਰੇ ਪਿੰਡਾਂ ਨੂੰ ਜੋੜਦੀ ਹੈ। ਪਰ ਇਸ ਸੜਕ ਵਿੱਚ ਬਹੁਤ ਡੂੰਘੇ ਟੋਏ ਹਨ। ਸਕੂਲਾਂ ਵਾਲੇ ਬੱਚਿਆਂ ਨੂੰ ਖ਼ਾਸ ਕਰਕੇ ਇਸ ਸੜਕ ਦਾ ਬਹੁਤ ਭਾਰੀ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਦੇ ਕੀਮਤੀ ਸੰਦਾ ਦੀ ਬਹੁਤ ਟੁੱਟ ਭੱਜ ਹੁੰਦੀ ਹੈ ਇਸ ਸਮਸਿਆਵਾਂ ਦਾ ਸਾਹਮਣਾ ਕਰਦੇ ਹੋਏ ਪਿੰਡ ਨੌਜਵਾਨਾਂ ਨੇ ਆਪਣੇ ਟਰੈਕਟਰ ਟਰਾਲੀਆਂ ਦੇ ਨਾਲ ਟੁਇਆ ਪੂਰਿਆ ਹੈ ਅਤੇ ਪਿੰਡ ਵਾਸੀਆਂ ਵੱਲੋਂ ਪੰਜਾਬ ਸਰਕਾਰ ਅਤੇ ਸੈਂਟਰ ਸਰਕਾਰ ਨੂੰ ਇਹ ਮੰਗ ਰੱਖੀ ਹੈ ਕਿ ਇਸ ਸੜਕ ਨੂੰ ਛੇਤੀ ਤੋਂ ਛੇਤੀ ਨਵੀਂ ਬਣਾਈ ਜਾਵੇ ਇਸ ਮੌਕੇ ਤੇ ਜਥੇਦਾਰ ਬਾਬਾ ਰਛਪਾਲ ਸਿੰਘ, ਸਾਜਨ ਪ੍ਰੀਤ ਸਿੰਘ,ਲਵਕਰਨ ਸਿੰਘ ਲੰਬੜਦਾਰ, ਰਾਜਪ੍ਰੀਤ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ, ਗੁਰਨੂਰ ਸਿੰਘ,ਗੁਰਦੀਪਕ ਸਿੰਘ,ਵੰਸ ਸਿੰਘ, ਹਰਮੀਤ ਸਿੰਘ, ਬਲਜੀਤ ਸਿੰਘ, ਮਨਮੋਹਨ ਸਿੰਘ ਆਦਿ ਸੇਵਾਦਾਰ ਹਾਜਰ ਸਨ।

## ਵਿਕਾਸ ਦੇ ਨਾਂ ਤੇ 'ਆਪ' ਸਰਕਾਰ ਨੇ ਸਿਰਫ ਸ਼ਗੂਫੇ ਛੱਡੇ, ਜ਼ਮੀਨੀ ਹਕੀਕਤਾਂ ਕੁਝ ਹੋਰ: ਗੁਰਬਾਜ਼ ਸਿੰਘ ਸਿੱਧੂ





ਤਲਵੰਡੀ ਸਾਬੋ, 28 ਦਸੰਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬ ਵਿੱਚ ਵਿਕਾਸ ਕਰਨ ਦੇ ਨਾਂ ਤੇ ਆਮ ਆਦਮੀ ਪਾਰਟੀ ਸਰਕਾਰ ਨੇ ਸਿਰਫ ਸ਼ਗੂਫੇ ਛੱਡੇ ਹਨ ਜਦੋਂਕਿ ਜ਼ਮੀਨੀ ਹਕੀਕਤਾਂ ਕੁਝ ਹੋਰ ਹਨ ਅਤੇ ਪਿਛਲੇ ਪੌਣੇ ਚਾਰ ਸਾਲ੍ਹਾਂ ਚ ਪਿੰਡਾਂ/ਸ਼ਹਿਰਾਂ ਦੇ ਲੋਕ ਲੋੜੀਂਦੇ ਵਿਕਾਸ ਕਾਰਜਾਂ ਦੇ ਸ਼ੁਰੂ ਹੋਣ ਦੀ ਉਡੀਕ ਹੀ ਕਰ ਰਹੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਪੁੱਤਰ ਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਅੱਜ ਪਿੰਡਾਂ ਦੇ ਦੌਰੇ ਉਪਰੰਤ ਗੱਲਬਾਤ ਦੌਰਾਨ ਕੀਤਾ।ਸਿੱਧੂ ਜੋ ਕਿ ਵਰਕਰਾਂ ਤੇ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ ਚ ਹਾਜ਼ਰੀ ਭਰਨ ਆਏ ਸਨ ਨੇ ਬਾਅਦ ਚ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਹਲਕਾ ਤਲਵੰਡੀ ਸਾਬੋ ਦੀ ਗੱਲ ਕਰੀਏ ਤਾਂ ਇਤਿਹਾਸਿਕ ਨਗਰ ਤਲਵੰਡੀ ਸਾਬੋ ਤੇ ਰਾਮਾਂ ਮੰਡੀ ਚ 'ਆਪ' ਸਰਕਾਰ ਸੀਵਰੇਜ ਸਿਸਟਮ ਦੇ ਸੁਚਾਰੂ ਕੰਮ ਕਾਜ ਲਈ ਵੀ ਫੰਡ ਮੁਹੱਈਆ ਨਹੀ ਕਰਵਾ ਸਕੀ। ਪਿਛਲੇ ਸਾਲ੍ਹਾਂ ਚ ਪਿੰਡਾਂ ਚ ਜਿਹੜੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ ਉਨਾਂ ਬਹੁਤਿਆਂ ਦੇ ਸਿਰਫ ਨੀਂਹ ਪੱਥਰ ਹੀ ਖੜੇ ਰਹਿ ਗਏ ਜਦੋਂਕਿ ਫੰਡਾਂ ਦੀ ਕਮੀ ਕਾਰਣ ਬਹੁਤੇ ਵਿਕਾਸ ਕਾਰਜ ਸ਼ੁਰੂ ਹੀ ਨਹੀ ਹੋ ਸਕੇ। ਸਿੱਧੂ ਨੇ ਦਾਅਵਾ ਕੀਤਾ ਕਿ ਲੋੜੀਂਦੇ ਵਿਕਾਸ ਕੰਮ ਨਾ ਹੋ ਸਕਣ ਕਾਰਣ ਅਤੇ ਲੋਕ ਭਲਾਈ ਦੀਆਂ ਜ਼ਿਆਦਾਤਰ ਸਕੀਮਾਂ ਠੱਪ ਹੋ ਜਾਣ ਕਾਰਣ ਆਮ ਲੋਕ ਇਸ ਸਰਕਾਰ ਤੋਂ ਪੂਰੀ ਤਰ੍ਹਾਂ ਤੰਗ ਆ ਚੁੱਕੇ ਹਨ ਤੇ ਇਸਨੂੰ ਚਲਦਾ ਕਰਨ ਲਈ ਕਾਹਲੇ ਹਨ। ਸਿੱਧੂ ਨਾਲ ਇਸ ਮੌਕੇ ਜੱਟਮਹਾਂ ਸਭਾ ਹਲਕਾ ਪ੍ਰਧਾਨ ਮਨਜੀਤ ਸਿੰਘ ਲਾਲੇਆਣਾ, ਚਰਨਾ ਸਿੰਘ ਭਾਗੀਵਾਂਦਰ, ਐਡਵੋਕੇਟ ਗੁਰਤੇਜ ਸਿੰਘ ਭਾਗੀਵਾਂਦਰ, ਗੁਰਮੇਲ ਸਿੰਘ ਲਾਲੇਆਣਾ, ਜਗਤਾਰ ਸਿੰਘ ਨੰਬਰਦਾਰ ਭਾਗੀਵਾਂਦਰ, ਕ੍ਰਿਸ਼ਨ ਯਾਦਵ, ਹੈਪੀ ਬਹਿਮਣ, ਜਿੰਦਾ ਜੀਵਨ ਸਿੰਘ ਵਾਲਾ, ਪ੍ਰਕਾਸ਼ ਸਿੰਘ ਬਿੱਟੂ, ਕੁਲਦੀਪ ਰਾਇਲ ਆਦਿ ਆਗੂ ਮੌਜੂਦ ਸਨ।

## ਸ਼੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਵੈਰੋਨੰਗਲ ਵਿੱਚ ਸਾਲਾਨਾ ਸ਼ਹੀਦੀ ਸਮਾਗਮ ਸ਼ਰਧਾ ਨਾਲ ਮਨਾਇਆ ਗਿਆ

ਚੌਕ ਮਹਿਤਾ, 28 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)-ਵੈਰੋ ਨੰਗਲ ਸਥਿਤ ਸ਼੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਵਿੱਚ ਸਾਲਾਨਾ ਸ਼ਹੀਦੀ ਸਮਾਗਮ ਬੜੀ ਸ਼ਰਧਾ, ਗੰਭੀਰਤਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਪਾਵਨ ਸਮਾਗਮ ਵਿੱਚ ਸਕੂਲ ਦੇ ਡਾਇਰੈਕਟਰ ਸ. ਨਰਿੰਦਰ ਸਿੰਘ ਬੱਠ ਅਤੇ ਮੈਡਮ ਰਾਜਵੰਤ ਬੱਠ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਮਾਗਮ ਦੀ ਅਗਵਾਈ ਸਕੂਲ ਦੀ ਪ੍ਰਿੰਸੀਪਲ ਮਿਸ ਸਾਕਸ਼ੀ ਬੇਦੀ ਨੇ ਕੀਤੀ। ਸਮਾਗਮ ਦੌਰਾਨ ਸ਼ਹੀਦਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ, ਕਵਿਤਾਵਾਂ ਅਤੇ ਵਿਚਾਰ ਪੇਸ਼ ਕੀਤੇ ਗਏ। ਡਾਇਰੈਕਟਰ ਸ. ਨਰਿੰਦਰ ਸਿੰਘ ਬੱਠ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਚੱਲਣ ਅਤੇ ਦੇਸ਼ ਸੇਵਾ ਲਈ ਸਦਾ ਤਤਪਰ ਰਹਿਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਮਿਸ ਰਾਜਵੰਤ ਬੱਠ ਨੇ ਕਿਹਾ ਕਿ ਸ਼ਹੀਦੀ ਇਤਿਹਾਸ ਸਾਡੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹੈ।ਪ੍ਰਿੰਸੀਪਲ ਮਿਸ ਸਾਕਸ਼ੀ ਬੇਦੀ ਨੇ ਸਮਾਗਮ ਦੀ ਸਫਲਤਾ ਲਈ ਸਟਾਫ਼ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸੁਚਾਰੂ ਵਿਵਸਥਾ ਵਿੱਚ ਅਧਿਆਪਕਾਵਾਂ ਰਾਜਬੀਰ ਕੌਰ, ਹਰਪ੍ਰੀਤ ਕੌਰ ਬੱਠ, ਰਮਨਦੀਪ ਕੌਰ, ਜਸ਼ਨਪ੍ਰੀਤ ਕੌਰ, ਸੰਦੀਪ ਕੌਰ, ਨਵਜੋਤ ਕੌਰ, ਹਰਪ੍ਰੀਤ ਕੌਰ, ਜਸਬੀਰ ਕੌਰ, ਅਰਸ਼ਦੀਪ ਕੌਰ ਆਦਿ ਨੇ ਸਰਾਹਣਯੋਗ ਭੂਮਿਕਾ ਨਿਭਾਈ। ਅੰਤ ਵਿੱਚ ਸ਼ਾਂਤੀ ਪਾਠ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ ।



# ਪਵਿੱਤਰ ਸ਼ਹਿਰ ਤਲਵੰਡੀ ਸਾਬੋ ਵਿੱਚ ਮੀਟ ਅਤੇ ਸ਼ਰਾਬ ਦੀਆਂ ਦੁਕਾਨਾਂ ਨੂੰ ਲੈ ਕੇ ਐਸਡੀਐਮ ਪੰਕਜ ਕੁਮਾਰ ਦੀ ਦੁਕਾਨਦਾਰਾਂ ਨੂੰ ਅਪੀਲ

## ਸ਼ਹਿਰ ਦੀ ਪਵਿੱਤਰਤਾ ਲਈ ਪ੍ਰਸ਼ਾਸਨ ਅਲਰਟ, ਐਸਡੀਐਮ ਨੇ ਜਾਰੀ ਕੀਤੀਆਂ ਹਦਾਇਤਾਂ

ਤਲਵੰਡੀ ਸਾਬੋ, 28 ਦਸੰਬਰ (ਗੁਰਜੰਟ ਸਿੰਘ ਨਥੇਹਾ)- ਬੀਤੇ ਦਿਨੀਂ ਹੀ ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ. ਬਹਾਦੁਰ ਜੀ ਦੇ 350ਵੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਬੁਲਾਇਆ ਗਿਆ ਸੀ, ਜਿਸ ਦੌਰਾਨ ਤਿੰਨ ਸ਼ਹਿਰਾਂ ਅੰਮ੍ਰਿਤਸਰ, ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਗਿਆ ਸੀ।ਜਿਸ ਦੇ ਤਹਿਤ ਪੰਜਾਬ ਸਰਕਾਰ ਵੱਲੋਂ 15 ਦਸੰਬਰ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਵਿਚ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਐਲਾਨਿਆ ਗਿਆ ਹੈ ਅਤੇ ਇਸ ਪਵਿੱਤਰ ਸ਼ਹਿਰ ਤਲਵੰਡੀ ਸਾਬੋ ਵਿੱਚ ਪ੍ਰਸ਼ਾਸਨ ਵੱਲੋਂ ਸ਼ਹਿਰ ਦੀ ਮਰਿਆਦਾ ਬਣਾਈ ਰੱਖਣ ਲਈ ਅਹਿਮ ਅਪੀਲ ਕੀਤੀ ਗਈ ਹੈ। ਜਿਸ ਦੇ ਤਹਿਤ ਐਸਡੀਐਮ ਤਲਵੰਡੀ ਸਾਬੋ ਪੰਕਜ ਕੁਮਾਰ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਲਵੰਡੀ ਸਾਬੋ ਸ਼ਹਿਰ ਵਿੱਚ ਮੀਟ, ਸ਼ਰਾਬ ਅਤੇ ਤੰਬਾਕੂ ਦੀਆਂ ਦੁਕਾਨਾਂ ਚਲਾਉਣ ਵਾਲੇ ਦੁਕਾਨਦਾਰਾਂ ਨੂੰ ਬੁਲਾ ਕੇ ਮੀਟਿੰਗ ਕੀਤੀ ਗਈ ਸੀ, ਜਿਸ ਵਿਚ ਕਿ ਉਹਨਾਂ ਨੇ ਸ਼ਹਿਰ ਦੀ ਧਾਰਮਿਕ ਭਾਵਨਾਵਾਂ ਦਾ ਪੂਰਾ ਧਿਆਨ ਰੱਖਣ ਸਬੰਧੀ ਅਪੀਲ ਕੀਤੀ। ਐਸਡੀਐਮ ਪੰਕਜ ਕੁਮਾਰ ਨੇ ਕਿਹਾ ਕਿ ਤਲਵੰਡੀ ਸਾਬੋ ਸਿੱਖਾਂ ਲਈ ਬਹੁਤ ਪਵਿੱਤਰ ਧਾਰਮਿਕ ਥਾਂ ਹੈ। ਇੱਥੇ ਹਰ ਰੋਜ਼ ਅਤੇ ਤਿਉਹਾਰਾਂ ਸਮੇਂ ਬਹੁਤ ਸਾਰੀ ਸੰਗਤ ਦਰਸ਼ਨ ਲਈ ਆਉਂਦੀ ਹੈ। ਇਸ ਕਰਕੇ ਸ਼ਹਿਰ ਵਿੱਚ ਮੀਟ, ਸ਼ਰਾਬ ਅਤੇ ਤੰਬਾਕੂ ਦੀਆਂ ਦੁਕਾਨਾਂ ਸੰਬੰਧੀ ਹਰ ਕੰਮ ਕਾਨੂੰਨ ਅਤੇ ਸਰਕਾਰੀ ਨਿਯਮਾਂ ਮੁਤਾਬਕ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਸਮਝਾਇਆ ਕਿ ਮੀਟ ਅਤੇ ਸ਼ਰਾਬ ਵੇਚਣ ਲਈ ਸਹੀ ਲਾਇਸੰਸ ਹੋਣਾ ਬਹੁਤ ਜ਼ਰੂਰੀ ਹੈ। ਬਿਨਾਂ ਲਾਇਸੰਸ ਦੇ ਕੋਈ ਵੀ ਦੁਕਾਨ ਨਹੀਂ ਚਲਾਈ ਜਾ ਸਕਦੀ। ਨਾਲ ਹੀ ਉਨ੍ਹਾਂ ਨੇ ਸਫਾਈ ਰੱਖਣ ਅਤੇ ਆਲੇ-ਦੁਆਲੇ ਦਾ ਮਾਹੌਲ ਸਾਫ਼-ਸੁਥਰਾ ਬਣਾਈ ਰੱਖਣ ਦੀ ਵੀ ਅਪੀਲ ਕੀਤੀ। ਇਸ ਤਹਿਤ ਓਹਨਾ ਨੇ ਦੁਕਾਨਦਾਰਾਂ ਨੂੰ ਨਗਰ ਕੌਂਸਲ ਤਲਵੰਡੀ ਸਾਬੋ ਦੀ ਹਦੂਦ ਦਾ ਖਾਸ ਧਿਆਨ ਰੱਖਣ ਸਬੰਧੀ ਵੀ ਅਪੀਲ ਕੀਤੀ। ਐਸਡੀਐਮ ਨੇ ਕਿਹਾ ਕਿ ਸ਼ਹਿਰ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣਾ ਸਭ ਦੀ ਜ਼ਿੰਮੇਵਾਰੀ ਹੈ।ਪ੍ਰਸ਼ਾਸਨ ਚਾਹੁੰਦਾ ਹੈ ਕਿ ਕੋਈ ਵੀ ਗਲਤਫ਼ਹਿਮੀ ਜਾਂ ਝਗੜਾ ਨਾ ਹੋਵੇ ਅਤੇ ਸਾਰੇ ਲੋਕ ਮਿਲਜੁਲ ਕੇ ਰਹਿਣ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਪ੍ਰਸ਼ਾਸਨ ਵੱਲੋਂ ਕੀਤੀ ਗਈ ਇਹ ਅਪੀਲ ਪਵਿੱਤਰ ਸ਼ਹਿਰ ਤਲਵੰਡੀ ਸਾਬੋ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਕੀਤੀ ਗਈ ਹੈ।



# ਅਕਾਲ ਤਖਤ ਸਾਹਿਬ ਵਲੋਂ ਦਿੱਲੀ ਕਮੇਟੀ ਪ੍ਰਧਾਨ ਸਕੱਤਰ ਅਤੇ ਕੁਝ ਮੈਂਬਰਾਂ ਨੂੰ 5 ਜਨਵਰੀ ਨੂੰ ਪੇਸ਼ ਹੋਣ ਦੇ ਆਦੇਸ਼





ਨਵੀਂ ਦਿੱਲੀ 28 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਅਕਾਲ ਤਖਤ ਸਾਹਿਬ ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੀ ਚੋਣ ਨੂੰ ਰੋਕਣ ਲਈ ਆਦੇਸ਼ ਜਾਰੀ ਕੀਤਾ ਸੀ ਪਰ ਕਮੇਟੀ ਵਲੋਂ ਆਦੇਸ਼ ਨਹੀਂ ਮਿਲੇ ਕਹਿ ਕੇ ਪ੍ਰਧਾਨ ਦੀ ਚੋਣ ਕਰਵਾਈ ਗਈ ਸੀ ।ਅਕਾਲ ਤਖਤ ਸਾਹਿਬ ਵਲੋਂ ਆਦੇਸ਼ ਦੀ ਹੋਈ ਉਲੰਘਣਾ ਨੂੰ ਦੇਖਦਿਆਂ ਦਿੱਲੀ ਕਮੇਟੀ ਪ੍ਰਧਾਨ ਸਕੱਤਰ ਅਤੇ ਹੋਰ ਮੈਂਬਰਾਂ ਨੂੰ ਆਪਣਾ ਪੱਖ ਰੱਖਣ ਲਈ 5 ਜਨਵਰੀ 2026 ਨੂੰ ਅਕਾਲ ਤਖਤ ਸਾਹਿਬ ਸੱਦਿਆ ਹੈ ।ਤਖਤ ਸਾਹਿਬ ਤੋਂ ਜਾਰੀ ਆਦੇਸ਼ ਵਿਚ ਉਨ੍ਹਾਂ ਲਿਖਿਆ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 25 ਅਕਤੂਬਰ 2025 ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਇਕੱਤਰਤਾ ਪੱਤਰ ਨੰ: 8045/2-6 ਮਿਤੀ 17 ਅਕਤੂਬਰ 2025 ਰਾਹੀਂ ਬੁਲਾਈ ਗਈ ਸੀ। ਜਿਸ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੱਤ੍ਰਿਕਾ ਨੰਬਰ ਅ:ਤ/25/386 ਮਿਤੀ 24 ਅਕਤੂਬਰ 2025 ਰਾਹੀਂ ਉਕਤ ਇਕੱਤਰਤਾ ਉੱਤੇ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦਾ ਆਦੇਸ਼ ਕੀਤਾ ਗਿਆ ਸੀ। ਜਿਸ ਦੀ ਕਾਪੀ ਮਿਤੀ 25 ਅਕਤੂਬਰ 2025 ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਧਿਕਾਰਤ ਈ-ਮੇਲ 'ਤੇ ਭੇਜੀ ਗਈ ਸੀ ਅਤੇ ਭਾਈ ਮਨਵੀਤ ਸਿੰਘ ਇੰਚਾਰਜ ਸਿੱਖ ਮਿਸ਼ਨ ਦਿੱਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਰਾਹੀਂ ਸ. ਜਤਿੰਦਰ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਗੀ ਵਿਚ ਆਪ ਤੱਕ ਦਸਤੀ ਪੁੱਜਦਾ ਕੀਤੀ ਗਈ ਸੀ ਪਰੰਤੂ ਆਪ ਨੇ ਉਕਤ ਪੱਤ੍ਰਿਕਾ ਲੈਣ ਤੋਂ ਇਨਕਾਰ ਕਰ ਦਿੱਤਾ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਹੈ। ਇਸ ਦੇ ਮੱਦੇਨਜ਼ਰ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਆਪ ਨੂੰ ਮਿਤੀ 22 ਪੋਹ ਨਾਨਕਸ਼ਾਹੀ ਸੰਮਤ 557 ਮੁਤਾਬਿਕ 5 ਜਨਵਰੀ 2026 ਨੂੰ ਸਵੇਰੇ 10 ਵਜੇ ਨਿੱਜੀ ਰੂਪ ਵਿਚ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਆਪਣਾ ਪੱਖ ਰੱਖਣ ਦਾ ਆਦੇਸ਼ ਕੀਤਾ ਹੈ।

# ਆਮ ਆਦਮੀ ਪਾਰਟੀ ਦੀ ਬਲਾਕ ਸੰਮਤੀ ਜੋਨ ਵੈਰੋਨੰਗਲ ਤੋਂ ਬੀਬੀ ਰਾਜਵੰਤ ਕੌਰ ਬਾਠ ਮੈਦਾਨ 'ਚ ਜੇਤੂ ਰਹੀ

## ਇਲਾਕੇ ਦੇ ਲੋਕਾਂ ਨੇ ਹਲਕਾ ਵਿਧਾਇਕ ਵਲੋਂ ਕੀਤੇ ਕੰਮਾਂ 'ਤੇ ਮੋਹਰ ਲਗਾਈ : ਬੀਬੀ ਰਾਜਵੰਤ ਕੌਰ ਬਾਠ



ਚੌਕ ਮਹਿਤਾ,28 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ) ਆਮ ਆਦਮੀ ਪਾਰਟੀ ਵਲੋਂ ਬਲਾਕ ਸੰਮਤੀ ਜੋਨ ਵੈਰੋਨੰਗਲ ਹਲਕਾ ਹਰਗੋਬਿੰਦਰਪੁਰ ਸਾਹਿਬ ਤੋਂ ਬੀਬੀ ਰਾਜਵੰਤ ਕੌਰ ਬਾਠ ਨੂੰ ਆਮ ਆਦਮੀ ਪਾਰਟੀ ਦਾ ਉਮੀਦਵਾਰ ਉਤਾਰਿਆ ਗਿਆ ਸੀ ।ਇਸ ਮੌਕੇ ਗੱਲਬਾਤ ਕਰਦਿਆਂ ਬੀਬੀ ਰਾਜਵੰਤ ਕੌਰ ਬਾਠ ਨੇ ਕਿਹਾ ਕਿ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵਲੋਂ ਮੇਰੇ ਪ੍ਰਤੀ ਵਿਸ਼ਵਾਸ ਜਤਾਉਂਦੇ ਹੋਏ ਮੈਨੂੰ ਜੋਨ ਵੈਰੋਨੰਗਲ ਤੋਂ ਜਿੱਤਿਆ ਗਿਆ ਹੈ ਮੈਂ ਵਿਸ਼ਵਾਸ ਦਿਵਾਉਂਦੀ ਹਾਂ ਕਿ ਇਹ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਵਾਂਗੀ। ਬੀਬੀ ਰਾਜਵੰਤ ਕੌਰ ਬਾਠ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਹ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜ ਰਹੀ ਹੈ ਅਤੇ ਹਲਕਾ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਨੇ ਜੋ ਹਲਕੇ ਦਾ ਵਿਕਾਸ ਕਰਵਾਇਆ ਹੈ ਉਸ ਨੂੰ ਲੈ ਕੇ ਘਰ ਘਰ ਜਾਇਆ ਗਿਆ ਅਤੇ ਲੋਕ ਵੀ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਇਲਾਕੇ ਦਾ ਵਿਕਾਸ ਆਮ ਆਦਮੀ ਪਾਰਟੀ ਦੇ ਰਾਜ ਵਿਚ ਹੋਇਆ ਹੈ। ਬੀਬੀ ਰਾਜਵੰਤ ਕੌਰ ਬਾਠ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਵਿਕਾਸ ਦੇ ਨਾਂ ਤੇ ਲੋਕਾਂ ਨੂੰ ਮੂਰਖ ਬਣਾਇਆ ਲੇਕਿਨ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਬੇਹਤਰੀ ਲਈ ਜੋ ਕੰਮ ਕਰ ਰਹੀ ਹੈ ਚਾਹੇ ਉਹ ਪਿੰਡਾਂ ਵਿਚ ਨਵੇਂ ਉਸਾਰੇ ਜਾ ਰਹੇ ਖੇਡ ਸਟੇਡੀਅਮ ਹੋਣ ਭਾਵੇਂ ਵੱਖ ਵੱਖ ਇਲਾਕਿਆਂ ਵਿਚ ਖੁੱਲੇ ਆਮ ਆਦਮੀ ਪਾਰਟੀ ਕਲੀਨਿਕ ਤੋਂ ਸੜਕਾਂ ਦੇ ਜਾਲ੍ਹ ਵਿਛਿਆ ਇਸ ਤੋਂ ਇਲਾਵਾ ਸੂਬੇ ਦੇ ਲੋਕਾਂ ਨੂੰ 600 ਯੂਨਿਟ ਦੀ ਮਿਲ ਰਹੀ ਮੁਫਤ ਸਹੂਲਤ ਅਤੇ ਕਿਸਾਨਾਂ ਨੂੰ ਖੇਤੀ ਲਈ ਮਿਲ ਰਹੀ ਦਿਨ ਵੇਲੇ ਬਿਜਲੀ ਨੇ ਲੋਕਾਂ ਨੂੰ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਕੀਤਾ ਹੈ ਇਸ ਲਈ ਲੋਕ ਆਮ ਆਦਮੀ ਪਾਰਟੀ ਦੇ ਹੱਕ ਵਿਚ ਫਤਵਾ ਦਿੱਤਾ ਗਿਆ। ਮੈਂ ਵੋਟਰਾਂ ਅਤੇ ਸੁਪਟਰਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਦਿਨ ਰਾਤ ਇੱਕ ਕਰਕੇ ਜਿਤਿਆ ਹੈ।

# ਅਕਾਲ ਤਖਤ ਦੇ ਜਥੇਦਾਰ ਵੱਲੋਂ ਸ਼ਹੀਦੀ ਦਿਹਾੜੇ ਮੌਕੇ ਸਾਰੇ ਪੰਜਾਬ ਵਿੱਚ ਸ਼ਰਾਬ ਬੰਦੀ ਕਰਨ ਦਾ ਸਵਾਗਤ :ਨਿਸ਼ਾਨ ਸਿੰਘ ਅਰਜਨ ਮਾਂਗਾ

ਚੌਕ ਮਹਿਤਾ,28 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਮੀਡੀਆ ਕੋਆਰਡੀਨੇਟਰ ਨਿਸ਼ਾਨ ਸਿੰਘ ਅਰਜਨ ਮਾਂਗਾ ਨੇ ਅੱਜ ਮੀਡੀਏ ਨਾਲ ਗੱਲਬਾਤ ਕਰਦੇ ਕਿਹਾ ਕਿ ਅਸੀਂ ਅਕਾਲ ਤਖਤ ਤੇ ਜਥੇਦਾਰ ਵੱਲੋਂ ਕੀਤੇ ਐਲਾਨ ਕੇ ਸ਼ਹੀਦੀ ਦਿਹਾੜੇ ਮੌਕੇ ਸਾਰੇ ਪੰਜਾਬ ਵਿੱਚ ਸਰਕਾਰ ਨੂੰ ਸ਼ਰਾਬਬੰਦੀ ਕਰਨੀ ਚਾਹੀਦੀ ਹੈ ਦਾ ਸਵਾਗਤ ਕਰਦੇ ਹਾਂ ਨਿਸ਼ਾਨ ਸਿੰਘ ਅਰਜਨ ਮਾਂਗਾ ਨੇ ਅੱਜ ਕਿਹਾ ਕਿ ਸਰਕਾਰ ਤਾਂ ਪਹਿਲਾਂ ਹੀ ਸਾਰੇ ਧਾਰਮਿਕ ਪਵਿੱਤਰ ਸ਼ਹਿਰਾਂ ਨੂੰ ਜੋ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹਨ ਉਹਨਾਂ ਨੂ ਪਵਿੱਤਰ ਸ਼ਹਿਰ ਐਲਾਨ ਚੁੱਕੀ ਹੈ ਤੇ ਉਹਨਾਂ ਵਿੱਚੋਂ ਮੀਟ ਸ਼ਰਾਬ ਬੰਦ ਕਰ ਚੁੱਕੀ ਹ। ਹੁਣ ਜਥੇਦਾਰ ਦੇ ਨਵੇਂ ਬਿਆਨ ਕਿ ਇਹਨਾਂ ਦਿਨਾਂ ਨੂੰ ਕਿ ਸਾਰੇ ਪੰਜਾਬ ਵਿੱਚ ਸ਼ਰਾਬ ਅਤੇ ਮੀਟ ਨੂੰ ਬੰਦ ਕਰਨ ਦਾ ਸਵਾਗਤ ਕਰਦੀ ਹੈ ਪਰ ਪਹਿਲਾਂ ਜਥੇਦਾਰ ਸਾਹਿਬ ਅਕਾਲੀ ਜਥੇਦਾਰ ਜੋ ਉਹਨਾਂ ਦੇ ਅਧੀਨ ਪਾਰਟੀ ਨਾਲ ਸੰਬੰਧਿਤ ਹਨ ਜਿਨਾਂ ਦੇ ਵੱਖ ਵੱਖ ਸ਼ਹਿਰਾਂ ਵਿੱਚ ਠੇਕੇ ਹਨ ਵੱਖ ਵੱਖ ਸ਼ਹਿਰਾਂ ਚ ਹੋਟਲ ਹਨ ਤੇ ਸ਼ਰਾਬ ਦੇ ਵੱਡੇ ਕਾਰੋਬਾਰੀ ਹਨ ਨੂੰ ਅਕਾਲ ਤਖਤ ਦੇ ਉੱਤੋਂ ਐਲਾਨ ਕਰਨ ਕਿ ਜੋ ਵੀ ਸ਼ਰਾਬ ਦਾ ਕਾਰੋਬਾਰ ਕਰਦਾ ਹੈ ਜਾ ਹੋਟਲ ਦਾ ਕਾਰੋਬਾਰ ਕਰਦਾ ਹੈ ਤਾ ਉਹਦੇ ਵਿੱਚ ਸ਼ਰਾਬ ਵਰਤਦੀ ਹੈ ਜਾਂ ਸ਼ਰਾਬ ਦੇ ਠੇਕੇ ਜਾ ਸ਼ਰਾਬ ਦੀਆਂ ਫੈਕਟਰੀਆਂ ਚਲਾਉਂਦਾ ਹੈ ਉਹ ਸਿੱਖ ਕਹਾਉਣ ਦਾ ਤੇ ਅਕਾਲੀ ਕਹਾਉਣ ਦਾ ਕਾਬਲ ਨਹੀਂ ਹੈ।ਕੀ ਜੱਥੇਦਾਰ ਸਾਹਿਬ ਇਹ ਵੀ ਐਲਾਨ ਕਰਨਗੇ ਅਤੇ ਫੋਕੀ ਵਾਹ ਵਾਹ ਖੱਟਣ ਦੀ ਬਜਾਏ ਜਥੇਦਾਰ ਅਪਣੇ ਘਰ ਤੋਂ ਇਹ ਕੰਮ ਸ਼ੁਰੂ ਕਰਨ ਤਾਂ ਹੋਰ ਜਿਆਦਾ ਫਾਇਦਾ ਸਿੱਖ ਕੌਮ ਨੂੰ ਹੋਵੇਗਾ ਤੇ ਜੱਥੇਦਾਰ ਸਾਹਿਬ ਏਹ ਵੀਂ ਐਲਾਨ ਕਰਨ ਕੇ ਅਕਾਲੀ ਦਲ ਕਿਸੇ ਵੀਂ ਚੋਣ ਵਿੱਚ ਸਰਾਬ ਦੀ ਵੰਡ ਨਹੀ ਕਰੇਗਾ ਤਾਂ ਫਿਰ ਸਾਰੇ ਸਿੱਖ ਹੋਰ ਵੀਂ ਜੱਥੇਦਾਰ ਸਾਹਿਬ ਦਾ ਹੁਕਮ ਸਿਰ ਮੱਥੇ ਪਰਵਾਨ ਕਰਨਗੇ















ਦਸਮੇਸ ਪਿਤਾ, ਅਮ੍ਰਿਤ ਦੇ ਦਾਨੀ, ਸਰਬੰਸਦਾਨੀ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋ ਵਰਸੋਈ ਹੋਈ ਦਮਦਮੀ ਟਕਸਾਲ ਚੌਕ ਮਹਿਤਾ ਦੇ 16 ਦੇ ਮੁੱਖੀ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਸੰਤ ਸਮਾਜ ਦੇ ਪ੍ਰਧਾਨ ਨੂੰ 21 ਸਾਲਾ ਦਸਤਾਰ ਬੰਦੀ ਦੀਆਂ ਸਮੂਹ ਦੇਸ਼ਾਂ ਵਿਦੇਸ਼ਾ ਅਤੇ ਦਮਦਮੀ ਟਕਸਾਲ ਜਥੇਬੰਦੀ ਦੇ ਸਿੰਘਾ ਵੱਲੋਂ ਲੱਖ ਲੱਖ ਵਧਾਈਆਂ ਹੋਣ ਜੀ।

( ਫੋਟੋ ਤੇ ਵੇਰਵਾ: ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

# ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਮਾਤਾ ਗੁੱਜਰ ਕੌਰ ਅਤੇ ਹੋਰ ਸ਼ਹੀਦਾਂ ਦੀ ਯਾਦ ਦੇ ਨੂੰ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਦੀਆਂ ਸੰਗਤਾਂ ਨੇ ਪਿਆਰ ਸ਼ਰਧਾ ਭਾਵਨਾ ਨਾਲ ਮਨਾਇਆ










ਵਾਲਸਾਲ: ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਯਾਦ ਦੇ ਵਿੱਚ ਸਰਦਾਰ ਅਮਰੀਕ ਸਿੰਘ ਮਾਲੜੀ ਦੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਗਈ। ਬਹੁਤ ਲੰਬੇ ਸਮੇਂ ਤੋਂ ਇਹ ਪਰਿਵਾਰ ਸਾਹਿਬਜ਼ਾਦਿਆਂ ਦੀ ਯਾਦ ਦੇ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਉਂਦਾ ਆ ਰਿਹਾ ਹੈ। ਇਹ 25ਵਾਂ ਅਖੰਡ ਪਾਠ ਸੀ ਜੋ ਅੱਜ ਦਿਨ ਐਤਵਾਰ 28 ਦਸੰਬਰ ਨੂੰ ਭੋਗ ਪਾਏ ਗਏ ਭੋਗ ਤੋਂ ਉਪਰੰਤ ਗੁਰੂ ਘਰ ਦੇ ਜਥੇ ਗਿਆਨੀ ਬਲਰਾਮ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ ਬੀਬੀ ਸੁਖਵਿੰਦਰ ਕੌਰ ਨੇ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਕਵਿਤਾ ਸੁਣਾ ਕੇ ਨਿਹਾਲ ਕੀਤਾ ਇਹਨਾਂ ਤੋਂ ਬਾਅਦ ਭਾਈ ਦਿਲਬਾਗ ਸਿੰਘ ਬੂਹ ਤਰਨਤਾਰਨ ਵਾਲਿਆਂ ਦੇ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕੀਤਾ। ਪਰਿਵਾਰ ਨੇ ਤਿੰਨੋ ਦਿਨ ਹੀ ਬੜੀ ਸ਼ਰਧਾ ਤੇ ਪਿਆਰ ਦੇ ਨਾਲ ਸੇਵਾ ਕੀਤੀ ਸਰਦਾਰ ਅਮਰੀਕ ਸਿੰਘ ਮਾਲੜੀ ਤਕਰੀਬਨ 1986 ਤੋਂ ਲੈ ਕੇ ਇਸ ਗੁਰੂਘਰ ਦੇ ਨਾਲ ਜੁੜੇ ਹੋਏ ਹਨ ਕਾਫੀ ਵਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਚ ਮੁੱਖ ਸੇਵਾਦਾਰ ਦੀ ਸੇਵਾ ਵੀ ਕਰ ਚੁੱਕੇ ਹਨ। ਅਤੇ ਸਾਰਾ ਹੀ ਉਹਨਾਂ ਦਾ ਪਰਿਵਾਰ ਜੋ ਇਸ ਗੁਰੂਘਰ ਦੇ ਨਾਲ ਜੁੜਿਆ ਹੋਇਆ ਜਿਨਾਂ ਨੇ ਇਸ ਵਾਰ ਗੁਰਦੁਆਰਾ ਸਾਹਿਬ ਵਿਖੇ ਬੜੇ ਪਿਆਰ ਅਤੇ ਸ਼ਰਧਾ ਦੇ ਨਾਲ ਸੇਵਾ ਕੀਤੀ ਉੱਥੇ ਅਰਦਾਸ ਕੀਤੀ ਕਿ ਅਕਾਲ ਪੁਰਖ ਵਾਹਿਗੁਰੂ ਬੱਚਿਆਂ ਨੂੰ ਦਰੋ ਘਰੋਂ ਗੁਰਸਿੱਖੀ ਦੀ ਦਾਤ ਬਖਸ਼ੇ ਅਤੇ ਸਿੱਖ ਕੌਮ ਦੀ ਸੇਵਾ ਕਰਨ ਦਾ ਬਲ ਬਖ਼ਸ਼ੇ ਸਟੇਜ ਸਕੱਤਰ ਬਲਵਿੰਦਰ ਸਿੰਘ ਅਤੇ ਬੀਬੀ ਹਰਜੀਤ ਕੌਰ ਨੇ ਵੀ ਸ਼ਹੀਦਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਹੈ ਅਤੇ ਪਲੈਕ ਗੁਰਦੁਆਰਾ ਹਮੇਸ਼ਾ ਹੀ ਧਾਰਮਿਕ ਪ੍ਰੋਗਰਾਮ ਬੜੀ ਸ਼ਰਧਾ ਅਤੇ ਪਿਆਰ ਦੇ ਨਾਲ ਮਨਾਉਂਦਾ ਹੈ। ਸੋ ਸਾਨੂੰ ਸਾਰਿਆਂ ਨੂੰ ਚਾਹੀਦਾ ਗੁਰੂ ਘਰ ਦੇ ਨਾਲ ਜੁੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਆਪਣੇ ਜੀਵਨ ਨੂੰ ਸਫਲਾ ਕਰਨਾ ਚਾਹੀਦਾ ਹੈ ਤਾਂ ਜੋ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ

### ਸੰਤ ਬਾਬਾ ਗੁਰਮੀਤ ਸਿੰਘ ਜੀ ਕਾਰ ਸੇਵਾ ਖੋਸਿਆਂ ਵਾਲੇ ਮਹਾਂਪੁਰਖਾਂ ਨੂੰ ਸਦਮਾ, ਹੋਇਆ ਆਪਣੇ ਨਾਲ ਦੇ ਸਾਥੀ ਸਿੰਘ ਭਾਈ ਜਰਨੈਲ ਸਿੰਘ ਦਾ ਦਿਹਾਂਤ

# ਅੱਜ ਸ਼ਰਧਾਂਜਲੀ ਸਮਾਗਮ ਵਿੱਚ ਵੱਖ ਵੱਖ ਮਹਾਂਪੁਰਖ ਅਤੇ ਇਲਾਕੇ ਦੀਆਂ ਸ਼ਖ਼ਸੀਅਤਾਂ ਵੱਲੋਂ ਭਰੀ ਗਈ ਹਾਜ਼ਰੀ









ਮੋਗਾ, 28 ਦਸੰਬਰ (ਗੁਰਪ੍ਰੀਤ ਸਿੰਘ) – ਭਾਈ ਜਰਨੈਲ ਸਿੰਘ ਪਿੰਡ ਸੇਖਾਂ (ਬਰਨਾਲਾ) ਜੋ ਕਿ ਲੰਮੇ ਸਮੇਂ ਤੋਂ ਸੰਤ ਗਿਆਨੀ ਗੁਰਮੀਤ ਸਿੰਘ ਜੀ ਖੋਸਿਆਂ ਵਾਲੇ ਮਹਾਂਪੁਰਖਾਂ ਨਾਲ ਸੇਵਾਵਾਂ ਨਿਭਾ ਰਹਸਨ, ਅਤੇ ਹਰ ਕੰਮ ਅੱਗੇ ਹੋ ਕੇ ਕਰਦੇ ਸੀ, ਸੰਤਾਂ ਨਾਲ ਅਤੇ ਸੰਗਤਾਂ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਭਾਈ ਜਰਨੈਲ ਸਿੰਘ ਜੀ ਬਹੁਤ ਨਿੱਘੇ ਅਤੇ ਨਿਮਰਤਾ ਵਾਲੇ ਇਨਸਾਨ ਸੀ। ਕੁਝ ਦਿਨ ਪਹਿਲਾਂ ਅਚਨਚੇਤ ਉਨ੍ਹਾਂ ਦੀ ਹੋਈ ਮੌਤ ਨੇ ਸਭ ਨੂੰ ਬਹੁਤ ਦੁੱਖ ਪਹੁੰਚਾਇਆ, ਅਤੇ ਸਦਾ ਲਈ ਸਾਨੂੰ ਸਭ ਨੂੰ ਛੱਡ ਕੇ ਚਲੇ ਗਏ, ਉਨ੍ਹਾਂ ਦੀ ਮੌਤ ਚੱਕੀ ਤੇ ਹਲਦੀ ਪੀਸਣ ਸਮੇਂ ਪਟੇ ਵਿੱਚ ਪਰਨਾ ਆਉਣ ਕਰਕੇ ਸਿਰ ਦੀ ਜ਼ਿਆਦਾ ਹਾਲਤ ਖਰਾਬ ਕਰਕੇ ਹੋ ਗਈ, ਪਤਾ ਲੱਗਣ ਤੇ ਮੌਕੇ ਤੇ ਪਹੁੰਚੇ ਨੇੜੇ ਦੇ ਸੱਜਣਾ ਮਿੱਤਰਾਂ ਨੇ ਬਹੁਤ ਕੋਸ਼ਿਸ਼ ਕੀਤੀ ਪਰ, ਜ਼ਿਆਦਾ ਹਾਲਤ ਗੰਭੀਰ ਕਰਕੇ ਉਹ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਹੋਈ ਇਸ ਅਚਨਚੇਤ ਮੌਤ ਨੇ ਸਭ ਨੂੰ ਰੁਆ ਕੇ ਰੱਖ ਦਿੱਤਾ। ਉਹ ਪਿੱਛੇ ਆਪਣੀ ਧਰਮ ਪਤਨੀ ਅਤੇ ਇੱਕ ਛੋਟੀ ਬੱਚੀ ਛੱਡ ਗਏ, ਪ੍ਰਮਾਤਮਾ ਉਨ੍ਹਾਂ ਨੂੰ ਅਤੇ ਉਸਦੇ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਅੱਜ ਉਨ੍ਹਾਂ ਦਾ ਸ਼ਰਧਾਂਜਲੀ ਸਮਾਗਮ (ਭੋਗ) ਗੁਰਦੁਆਰਾ ਬਾਬਾ ਸਾਹਿਬ ਸਿੰਘ ਜੀ ਸ਼ਹੀਦ ਪਿੰਡ ਖੋਸਾ ਪਾਂਡੋ ਵਿਖੇ ਪਾਇਆ ਗਿਆ, ਸਮੂਹ ਮਹਾਂਪੁਰਖਾਂ ਅਤੇ ਸੱਜਣਾਂ ਮਿੱਤਰਾਂ ਵੱਲੋਂ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਪਤੀ ਉਪਰੰਤ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਸਮਾਪਤੀ ਉਪਰੰਤ ਗਿਆਨੀ ਗੁਰਮੀਤ ਸਿੰਘ ਜੀ ਵੱਲੋਂ ਅਤੇ ਸਮੂਹ ਮਹਾਂਪੁਰਖਾਂ ਵੱਲੋਂ ਸਭ ਰਿਸ਼ਤੇਦਾਰਾ ਅਤੇ ਆਈਆਂ ਹੋਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ।